Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award Winning Newspaper Canadian Punjabi Post

ਦੀਵਾਲੀ ਦੀਆਂ ਲੱਖ ਲੱਖ ਮੁਬਾਰਕਾਂ

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 19*Issue 221 | Friday, November 13, 2020 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

# ਕਾਰੋਬਾਰਾਂ ਲਈ ਰਾਹਤ ਪੈਕੇਜ ਵਿੱਚ ਪਾਰਦਰਸ਼ਤਾ ਦੀ ਘਾਟ ਉਤੇ ਸੈਨੇਟਰਜ਼ ਨੇ ਫਰੀਲੈਂਡ ਨੂੰ ਘੇਰਿਆ

ਓਟਵਾ, 12 ਨਵੰਬਰ (ਪੋਸਟ ਬਿਊਰੋ) : ਮਹਾਂਮਾਰੀ ਦੌਰਾਨ ਜਿਨ੍ਹਾਂ ਕਾਰੋਬਾਰਾਂ ਨੂੰ ਨੁਕਸਾਨ ਪਹੁੰਚਿਆ ਹੈ ਉਨ੍ਹਾਂ ਨੂੰ ਰੈਂਟ ਰਾਹਤ ਦੇਣ ਦੇ ਮਾਮਲੇ ਵਿੱਚ ਸਰਕਾਰ ਵੱਲੋਂ ਕੀਤੇ ਵਾਅਦੇ ਵਿਚਲਾ ਖੱਪਾ ਪੂਰਨ ਦਾ ਤਹੱਈਆ ਪ੍ਰਗਟਾਉਣ ਵਾਲੀ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੂੰ ਪਾਰਦਰਸ਼ਤਾ ਦੇ ਮਾਮਲੇ ਵਿੱਚ ਸੈਨੇਟਰਜ਼ ਵੱਲੋਂ ਕਈ ਸਵਾਲਾਂ ਨਾਲ ਘੇਰਿਆ ਗਿਆ।

ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਹਾਊਸ ਆਫ ਕਾਮਨਜ਼ ਵਿੱਚ ਅਜਿਹੇ ਮਾਪਦੰਡਾਂ ਦੇ ਪ੍ਰਸਤਾਵਿਤ ਪੈਕੇਜ ਨੂੰ ਤੇਜ਼ੀ ਨਾਲ ਪਾਸ ਕਰਨ ਉਤੇ ਸਹਿਮਤੀ ਬਣੀ



ਸੀ ਪਰ ਇਨ੍ਹਾਂ ਵਿੱਚੋਂ ਕੋਈ ਵੀ ਉਦੋਂ ਤੱਕ ਲਾਗੂ ਨਹੀਂ ਹੋਵੇਗਾ ਜਦੋਂ ਤੱਕ ਸੈਨੇਟ ਵੱਲੋਂ ਵੀ ਇਸ ਨੂੰ ਪਾਸ ਨਹੀਂ ਕਰ ਦਿੱਤਾ ਜਾਂਦਾ।

ਸੀ-9 ਵਜੋਂ ਜਾਣੇ ਜਾਂਦੇ ਇਸ ਬਿੱਲ ਦਾ ਮੁਲਾਂਕਣ ਇਸ ਵੇਲੇ ਸੈਨੇਟ ਦੀ ਫਾਇਨਾਂਸ ਕਮੇਟੀ ਵੱਲੋਂ ਕੀਤਾ ਜਾ ਰਿਹਾ ਹੈ। ਇਸ ਬਿੱਲ ਤਹਿਤ ਫੈਡਰਲ ਵੇਜ ਸਬਸਿਡੀ ਅਗਲੀਆਂ ਗਰਮੀਆਂ ਤੱਕ ਵਧਾਏ ਜਾਣ ਅਤੇ ਇੱਕ ਬਹੁਤ ਹੀ ਪ੍ਰਚਲਿਤ ਬਿਜ਼ਨਸ ਲੋਨ ਪ੍ਰੋਗਰਾਮ ਦਾ ਪਸਾਰ ਕੀਤੇ ਜਾਣ ਦਾ ਪ੍ਰਸਤਾਵ ਹੈ। ਇਸ ਤਹਿਤ ਕਮਰਸ਼ੀਅਲ ਰੈਂਟ ਰਾਹਤ ਲਈ ਪ੍ਰੋਗਰਾਮ, ਜਿਸ ਦੀ ਆਲੋਚਨਾ ਪਹਿਲਾਂ ਵੀ ਹੋ ਚੁੱਕੀ ਹੈ, ਨੂੰ ਮੁੜ ਨੰਵਿਆਏ ਜਾਣ ਦਾ ਵੀ ਪ੍ਰਸਤਾਵ ਹੈ।

...ਬਾਕੀ ਪੰਨਾ 6 'ਤੇ

# ਕੋਵਿਡ-19 ਦੇ ਮਾਮਲਿਆਂ ਵਿੱਚ ਇਜਾਫੇ ਦੇ ਮੱਦੇਨਜ਼ਰ ਫੋਰਡ ਵੱਲੋਂ ਸਖ਼ਤ ਪਾਬੰਦੀਆਂ ਲਾਉਣ ਦਾ ਸੰਕੇਤ

ਟੋਰਾਂਟੋ, 12 ਨਵੰਬਰ (ਪੋਸਟ ਬਿਊਰੋ) : ਕੋਵਿਡ-19 ਦੇ ਨਵੇਂ ਪੈਟਰਨ ਵਿੱਚ ਦਸੰਬਰ ਦੇ ਅੱਧ ਤੱਕ ਰੋਜ਼ਾਨਾ ਦੇ ਹਿਸਾਬ ਨਾਲ ਕਰੋਨਾਵਾਇਰਸ ਦੇ ਕੇਸ 6500 ਤੱਕ ਪਹੁੰਚਣ ਦੀ ਪੇਸ਼ੀਨਿਗੋਈ ਤੋਂ ਬਾਅਦ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਜੇ ਲੋਕਾਂ ਵੱਲੋਂ ਅਹਿਤਿਆਤ ਨਾ ਵਰਤੀ ਗਈ ਤਾਂ ਉਹ ਸਖਤ ਪਾਬੰਦੀਆਂ ਲਾਉਣ ਤੋਂ ਪਿੱਛੇ ਨਹੀਂ ਹਟਣਗੇ ਤੇ ਇਸ



ਬਾਰੇ ਸ਼ੁੱਕਰਵਾਰ ਤੱਕ ਉਹ ਆਪਣਾ ਫੈਸਲਾ ਲੈ ਲੈਣਗੇ।

ਵੀਰਵਾਰ ਸ਼ਾਮ ਨੂੰ ਇੱਕ ਇੰਟਰਵਿਊ ਵਿੱਚ ਫੋਰਡ ਨੇ ਆਖਿਆ ਕਿ ਉਨ੍ਹਾਂ ਨੂੰ ਸਿਹਤ ਟੀਮ ਵੱਲੋਂ ਸਵੇਰ ਤੱਕ ਇਸ ਸਬੰਧ ਵਿੱਚ ਬ੍ਰੀਫ ਕੀਤਾ ਜਾਵੇਗਾ ਤੇ ਉਹ ਉਸ ਤੋਂ ਬਾਅਦ ਹੀ ਇਸ ਬਾਰੇ ਕੋਈ ਫੈਸਲਾ ਲੈਣਗੇ। ...ਬਾਕੀ ਪੰਨਾ 6 'ਤੇ





## ਅੰਦਰ ਪੜ੍ਹੋ

ਟਰੂਡੋ ਨੂੰ ਕੋਵਿਡ-19 ਸਬੰਧੀ ਵੈਕਸੀਨ 2021 ਦੇ ਸ਼ੁਰੂ ਵਿੱਚ ਮਿਲਣ ਦੀ ਆਸ


ਪੰਨਾ 04

ਬਾਈਡੇਨ ਨੇ ਆਪਣੀ 'ਏਜੰਸੀ ਰੀਵੀਊ ਟੀਮ' ਵਿੱਚ 20 ਦੇ ਕਰੀਬ ਭਾਰਤੀ ਪ੍ਰਵਾਸੀ ਲਏ


ਪੰਨਾ 14

# ਸਕਾਰਬੌਰੋ ਦੇ ਲਾਂਗ ਟਰਮ ਕੇਅਰ ਹੋਮ ਵਿੱਚ ਕੋਵਿਡ-19 ਆਊਟਬ੍ਰੇਕ ਕਾਰਨ 29 ਲੋਕ ਮਾਰੇ ਗਏ

ਸਕਾਰਬੌਰੋ, 12 ਨਵੰਬਰ (ਪੋਸਟ ਬਿਊਰੋ) : ਸਕਾਰਬੌਰੋ ਦੇ ਲਾਂਗ ਟਰਮ ਕੇਅਰ ਹੋਮ ਵਿੱਚ ਆਊਟਬ੍ਰੇਕ ਰੋਕਣ ਦੀ ਕੋਸ਼ਿਸ਼ ਦੇ ਬਾਵਜੂਦ ਇੱਥੇ 29 ਵਿਅਕਤੀਆਂ ਦੀ ਮੌਤ ਹੋ ਗਈ।

...ਬਾਕੀ ਪੰਨਾ 3 'ਤੇ

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit, LMIA / Work permit, Permanent Residency, Family Sponsorship, Nanny, Visitor Visa, Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

PEST PROBLEM ? Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE 647.990.3205
100% Customer Satisfaction
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill

Royal Pest Control
Residential Commercial Industrial
Specialist in Bedbugs Service
All Pest Control : Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL 416 938 4598

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets, Legal Basement, Completly Furnished, Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99%
The Mortgage Centre | AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

N M Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
Best INR Rate
Fastest Service
24x7 Service
Secure Transaction
Special Business Account
Toll Free: 1833 823 5439 647 783 0049

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755


## ਗੁਰਸਿੱਖ ਸਭਾ ਕੈਨੇਡਾ
## ਸਕਾਰਬਰੋ ਗੁਰਦੁਆਰਾ ਸਾਹਿਬ ਵਿਖੇ
## ਬੰਦੀ-ਛੋੜ ਦਿਵਸ (ਦੀਵਾਲੀ)
## ਸ਼ਨਿਚਰਵਾਰ ਨਵੰਬਰ 14, 2020

ਵਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ

* ਗੁਰਦੁਆਰਾ ਸਾਹਿਬ ਸਵੇਰੇ 6 ਵਜੇ ਤੋਂ 8 ਵਜੇ ਸ਼ਾਮ ਤਕ ਕੇਵਲ ਮੱਥਾ ਟੇਕਣ ਵਾਸਤੇ ਖੁਲਾ ਰਹੇਗਾ ।
* ਸੰਗਤ, ਸੇਵਾਦਾਰ ਅਤੇ ਰਾਗੀ ਜੱਥਿਆਂ ਦੀ ਸੁਰਖਿਆ ਅਤੇ ਸਰਕਾਰ ਦੀਆਂ ਹਿਦਾਇਤਾਂ ਨੂੰ ਪਹਿਲ ਦਿੱਤੀ ਜਾਂਦੀ ਹੈ ।
* ਗੁਰਦੁਆਰਾ ਸਾਹਿਬ ਵਿਚ ਮੂੰਹ ਉਪਰ ਮਾਸਕ ਪਹਿਨਣਾ ਅਤੇ ਸੁਚੱਜੇ ਢੰਗ ਨਾਲ ਮੂੰਹ ਢੱਕਣਾ ਜ਼ਰੂਰੀ ਹੈ ਜੀ ।
* ਸਿਰ ਢੱਕਣ ਦਾ ਪ੍ਰਬੰਧ ਸੰਗਤ ਦੀ ਜ਼ਿੰਮੇਂਵਾਰੀ ਹੈ ।
* ਹਰ ਇੱਕ ਆਉਣ ਵਾਲੇ ਵਿਅਕਤੀ ਦਾ ਤਾਪਮਾਨ ਟੈਸਟ ਕੀਤਾ ਜਾਵੇਗਾ ।
* ਗੁਰੂ ਘਰ ਵਿਚ ਹਰ ਇੱਕ ਨੂੰ 6 ਫੁਟ ਦੀ ਦੂਰੀ ਬਣਾਈ ਰਖਣੀ ਹੋਵੇਗੀ ।
* ਮਿਹਰਬਾਨੀ ਕਰਕੇ ਕੋਈ ਵੀ ਮਠਿਆਈ ਨਾ ਲੈ ਕੇ ਆਵੇ, ਜੇ ਕਰ ਕੋਈ ਲੈ ਕੇ ਆਵੇਗਾ ਤਾਂ ਉਸ ਨੂੰ ਵਾਪਸ ਲਿਜਾਣੀ ਪਵੇਗੀ ।
* ਮੋਮਬਤੀਆਂ, ਦੀਵੇ ਅਤੇ ਪਟਾਕੇ ਗੁਰਦੁਆਰਾ ਸਾਹਿਬ ਦੀ ਹੱਦ ਅੰਦਰ ਵਰਤਣ ਦੀ ਮਨਾਹੀ ਹੈ ।
* ਲੰਗਰ ਹਾਲ ਇਸ ਸਮੇਂ ਬੰਦ ਹੈ ।

ਕਿਸੇ ਕਿਸਮ ਦੀ ਸੇਵਾ ਵਿਚ ਸਾਥ ਦੇਣ ਲਈ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ ।
ਆਪ ਦੀ ਦੇ ਸਹਿਯੋਗ ਅਤੇ ਯੋਗਦਾਨ ਲਈ ਧੰਨਵਾਦੀ ਹੋਵਾਂਗੇ ।
ਟੈਲੀਫੋਨ ਨੰਬਰ: 416-299-4800
email:gsabha905@gmail.com


Punjabi Rifle & Recreation Association of Ontario
Wishing you very Happy Diwali
Your Tradition
Your Rights....
SAVE THE AR-15 RIFLES
GET RID OF HEINRICH TRUDEAU
PUNJABI RIFLE & RECREATION ASSOCIATION OF ONTARIO
Advisor
Yadwinder S Sahota
(416) 804 2321
Advisor
Harjeet Singh Dhadda
(647) 705 5492
Advisor
Sarbjit S Sra
(647) 705 5492


NATION-WIDE
TALK, TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਸਕਾਰਬੌਰੋ ਦੇ ਲਾਂਗ ਟਰਮ ਕੇਅਰ ਹੋਮ ਵਿੱਚ ਕੋਵਿਡ-19 ਆਊਟਬ੍ਰੇਕ ਕਾਰਨ 29 ਲੋਕ ਮਾਰੇ ਗਏ

...ਪੰਨਾ 1 ਦਾ ਬਾਕੀ



ਕੈਨੇਡੀ ਲੌਜ ਲੌਂਗ ਟਰਮ ਕੇਅਰ ਹੋਮ ਦੇ 92 ਰੈਜ਼ੀਡੈਂਟਸ ਕੋਵਿਡ-19 ਵਾਇਰਸ ਲਈ ਪਾਜ਼ੀਟਿਵ ਆਏ। ਇਹ ਆਊਟਬ੍ਰੇਕ 2 ਅਕਤੂਬਰ ਨੂੰ ਸ਼ੁਰੂ ਹੋਇਆ। ਕੈਨੇਡੀ ਰੋਡ ਤੇ ਐਲਸਮੇਅਰ ਰੋਡ ਨੇੜੇ ਇਸ ਹੋਮ ਨੂੰ ਆਪਰੇਟ ਕਰਨ ਵਾਲੇ ਰਵੇਰਾ ਵੱਲੋਂ ਜਾਰੀ ਬਿਆਨ ਵਿੱਚ ਆਖਿਆ ਗਿਆ ਕਿ ਇਸ ਸਮੇਂ ਇਸ ਹੋਮ ਵਿੱਚ 30 ਐਕਟਿਵ ਕੇਸ ਹਨ ਤੇ 32 ਰੈਜ਼ੀਡੈਂਟਸ ਪੂਰੀ ਤਰ੍ਹਾਂ ਰਿਕਵਰ ਕਰ ਚੁੱਕੇ ਹਨ।

ਹੈਲਥ ਅਧਿਕਾਰੀਆਂ ਵੱਲੋਂ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਫੈਸਿਲਿਟੀ ਦੇ 35 ਸਟਾਫ ਮੈਂਬਰ ਵੀ ਆਊਟਬ੍ਰੇਕ ਸ਼ੁਰੂ ਹੋਣ ਤੋਂ ਬਾਅਦ ਤੋਂ ਪਾਜ਼ੀਟਿਵ ਆ ਚੁੱਕੇ ਹਨ। ਇਨ੍ਹਾਂ ਵਿੱਚੋਂ 17 ਰਿਕਵਰ ਹੋ ਚੁੱਕੇ ਹਨ ਜਦਕਿ 18 ਹੋਮ ਆਈਸੋਲੇਸ਼ਨ ਵਿੱਚ ਹਨ। ਉਸੇ ਦਿਨ ਜਾਰੀ ਕੀਤੇ ਗਏ ਬਿਆਨ ਵਿੱਚ ਰਵੇਰਾ ਨੇ ਆਖਿਆ ਕਿ ਉਨ੍ਹਾਂ ਦੇ ਟੋਰਾਂਟੋ ਸਥਿਤ ਇੱਕ ਹੋਰ ਹੋਮ ਵਿੱਚ ਵੀ ਆਊਟਬ੍ਰੇਕ ਹੋਇਆ ਹੈ। 15 ਅਕਤੂਬਰ ਨੂੰ ਸ਼ੁਰੂ ਹੋਏ ਆਊਟਬ੍ਰੇਕ ਵਿੱਚ ਮੇਨ ਸਟਰੀਟ ਟੈਰੇਸ ਲਾਂਗ ਟਰਮ ਕੇਅਰ ਹੋਮ ਦੇ 7 ਰੈਜ਼ੀਡੈਂਟਸ ਮਾਰੇ ਜਾ ਚੁੱਕੇ ਹਨ। ਇਹ ਹੋਮ ਟੋਰਾਂਟੋ ਦੇ ਪੂਰਬੀ ਸਿਰੇ ਉੱਤੇ ਕਿੰਗਸਟਨ ਰੋਡ ਦੇ ਉੱਤਰ ਵੱਲ ਮੇਨ ਸਟਰੀਟ ਉੱਤੇ ਸਥਿਤ ਹੈ।

ਆਊਟਬ੍ਰੇਕ ਹੋਣ ਤੋਂ ਬਾਅਦ ਇੱਥੋਂ ਦੇ 86 ਰੈਜ਼ੀਡੈਂਟਸ ਪਾਜ਼ੀਟਿਵ ਪਾਏ ਗਏ ਜਿਨ੍ਹਾਂ ਵਿੱਚੋਂ 32 ਪੂਰੀ ਤਰ੍ਹਾਂ ਸਿਹਤਯਾਬ ਹੋ ਚੁੱਕੇ ਹਨ। ਸਿਹਤ ਅਧਿਕਾਰੀਆਂ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਫੈਸਿਲਿਟੀ ਦੇ 15 ਸਟਾਫ ਮੈਂਬਰ ਵੀ ਪਾਜ਼ੀਟਿਵ ਆਏ ਹਨ। ਇਨ੍ਹਾਂ ਵਿੱਚ 12 ਠੀਕ ਹੋ ਚੁੱਕੇ ਹਨ ਤੇ ਤਿੰਨ ਅਜੇ ਸੈਲਫ ਆਈਸੋਲੇਸ਼ਨ ਕਾਰਨ ਆਪਣੇ ਘਰਾਂ ਵਿੱਚ ਹਨ।

ਰਵੇਰਾ ਨੇ ਆਖਿਆ ਕਿ ਉਹ ਟੋਰਾਂਟੋ ਪਬਲਿਕ ਹੈਲਥ ਨਾਲ ਰਲ ਕੇ ਕੰਮ ਕਰ ਰਹੇ ਹਨ ਤੇ ਦੋਵਾਂ ਹੋਮਜ਼ ਦੀ ਚੰਗੀ ਤਰ੍ਹਾਂ ਸਾਫ ਸਫਾਈ ਕਰਵਾਈ ਜਾ ਰਹੀ ਹੈ ਤੇ ਉਨ੍ਹਾਂ ਨੂੰ ਡਿਸਇਨਫੈਕਟ ਕੀਤਾ ਜਾ ਰਿਹਾ ਹੈ। ਸਾਰੇ ਰੈਜ਼ੀਡੈਂਟਸ ਦੀ ਦਿਨ ਵਿੱਚ ਦੋ ਵਾਰੀ ਜਾਂਚ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਨੂੰ ਆਪੋ ਆਪਣੇ ਕਮਰਿਆਂ ਵਿੱਚ ਹੀ ਰਹਿਣ ਲਈ ਆਖਿਆ ਜਾ ਰਿਹਾ ਹੈ। ਹਰੇਕ ਸ਼ਿਫਟ ਸ਼ੁਰੂ ਹੋਣ ਤੋਂ ਪਹਿਲਾਂ ਸਾਰੇ ਸਟਾਫ ਮੈਂਬਰਾਂ ਦੀ ਜਾਂਚ ਕੀਤੀ ਜਾਂਦੀ ਹੈ।

# ਬਾਇਡਨ ਨੇ ਰੌਨ ਕਲੇਨ ਨੂੰ ਚੁਣਿਆ ਆਪਣਾ ਚੀਫ ਆਫ ਸਟਾਫ

ਵਾਸ਼ਿੰਗਟਨ, 12 ਨਵੰਬਰ (ਪੋਸਟ ਬਿਊਰੋ) : ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਲੰਮੇਂ ਸਮੇਂ ਤੋਂ ਆਪਣੇ ਸਲਾਹਕਾਰ ਰਹਿ ਚੁੱਕੇ ਰੌਨ ਕਲੇਨ ਨੂੰ ਆਪਣੇ ਚੀਫ ਆਫ ਸਟਾਫ ਲਈ ਚੁਣਿਆ ਹੈ।

ਕਈ ਦਹਾਕਿਆਂ ਦੇ ਤਜ਼ਰਬੇ ਵਾਲੇ ਕਲੇਨ ਨੂੰ ਵਾਈਟ ਹਾਊਸ ਵਿੱਚ ਮਹਾਂਮਾਰੀ ਨਾਲ ਜੂਝ ਰਹੇ ਦੇਸ਼ ਸਮੇਤ ਕਈ ਹੋਰਨਾਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਨਾਲ ਨਾਲ ਵੰਡੀ ਹੋਈ ਕਾਂ-ਗਰਸ ਨਾਲ ਵੀ ਕੰਮ ਕਰਨਾ ਹੋਵੇਗਾ। ਵੰਡੀ ਹੋਈ ਕਾਂਗਰਸ ਇਸ ਲਈ ਕਿਉਂਕਿ ਸੈਨੇਟ ਦੀ ਅਗਵਾਈ ਰਿਪ-ਬਲਿਕਨਾਂ ਹੱਥ ਰਹਿ ਸਕਦੀ ਹੈ। 2014 ਦੀ ਆਊਟਬ੍ਰੇਕ ਦੌਰਾਨ ਕਲੇਨ ਨੇ ਕੋ-ਆਰਡੀਨੇਟਰ ਵਜੋਂ ਸੇਵਾ ਨਿਭਾਈ ਸੀ।

ਕੱਲ੍ਹ ਰਾਤ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਬਾਇਡਨ ਨੇ ਇਹ ਖੁਲਾਸਾ ਕੀਤਾ ਕਿ ਉਨ੍ਹਾਂ ਵੱਲੋਂ ਇਸ ਅਹੁਦੇ ਲਈ ਕਲੇਨ ਦੀ ਚੋਣ ਕੀਤੀ ਗਈ ਹੈ ਕਿਉਂਕਿ ਵਾਸ਼ਿੰਗਟਨ ਵਿੱਚ ਉਨ੍ਹਾਂ ਦੇ ਤਜ਼ਰਬੇ ਨੇ ਉਨ੍ਹਾਂ ਨੂੰ ਇਹੋ ਜਿਹੀਆਂ ਚੁਣੌਤੀਆਂ ਲਈ ਤਿਆਰ ਕੀਤਾ ਹੋਇਆ ਹੈ। ਤਰ੍ਹਾਂ ਤਰ੍ਹਾਂ ਦੇ ਸਿਆਸਤਦਾਨਾਂ ਨਾਲ ਕੰਮ ਕਰਨ ਦੀ ਉਨ੍ਹਾਂ ਦੀ ਸਮਰੱਥਾ ਤੇ ਤਜ਼ਰਬੇ ਕਾਰਨ ਹੀ ਉਨ੍ਹਾਂ ਨੂੰ ਇਸ ਅਹੁਦੇ ਲਈ ਕਾਬਿਲ ਮੰਨਿਆ ਗਿਆ ਹੈ। ਇਸ ਤੋਂ ਇਲਾਵਾ ਦੇਸ਼ ਨੂੰ ਇਸ ਮਹਾਂਮਾਰੀ ਦੇ ਸੰਕਟ ਵਿੱਚੋਂ ਉਭਾਰਨ ਤੇ ਦੇਸ਼ ਨੂੰ ਇੱਕਜੁੱਟ ਕਰਨ ਵਿੱਚ ਵੀ ਉਹ ਅਹਿਮ ਭੂਮਿਕਾ ਨਿਭਾਉਣਗੇ।



ਜ਼ਿਕਰਯੋਗ ਹੈ ਕਿ ਕਲੇਨ ਬਰਾਕ ਓਬਾਮਾ ਦੇ ਪਹਿਲੇ ਕਾਰਜਕਾਲ ਦੌਰਾਨ ਬਾਇਡਨ ਲਈ ਚੀਫ ਆਫ ਸਟਾਫ ਰਹਿ ਚੁੱਕੇ ਹਨ। ਇਸ ਤੋਂ ਇਲਾਵਾ ਉਹ 1990ਵਿਆਂ ਦੇ ਮੱਧ ਵਿੱਚ ਵਾਈਸ ਪ੍ਰੈਜ਼ੀਡੈਂਟ ਅਲ ਗੋਰ ਦੇ ਚੀਫ ਆਫ ਸਟਾਫ ਵੀ ਰਹਿ ਚੁੱਕੇ ਹਨ। ਬਾਇਡਨ ਦੀ ਕੈਂਪੇਨ ਵਿੱਚ ਵੀ ਉਹ ਮੁੱਖ ਸਲਾਹਕਾਰ ਰਹਿ ਚੁੱਕੇ ਹਨ। ਡੈਮੋਕ੍ਰੈਟਸ ਦੀ 1987 ਦੀ ਪ੍ਰੈਜ਼ੀਡੈਂਸ਼ੀਅਲ ਕੈਂਪੇਨ ਤੋਂ ਹੀ ਉਹ ਬਾਇਡਨ ਨੂੰ ਜਾਣਦੇ ਹਨ ਤੇ ਉਨ੍ਹਾਂ ਨਾਲ ਕੰਮ ਕਰ ਰਹੇ ਹਨ।

ਇਸ ਉੱਤੇ ਕਲੇਨ ਨੇ ਆਖਿਆ ਕਿ ਨਵੇਂ ਚੁਣੇ ਗਏ ਰਾਸ਼ਟਰਪਤੀ ਵੱਲੋਂ ਉਨ੍ਹਾਂ ਵਿੱਚ ਪ੍ਰਗਟਾਏ ਭਰੋਸੇ ਲਈ ਉਹ ਸ਼ੁਕਰਗੁਜ਼ਾਰ ਹਨ ਤੇ ਇਹ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਆਖਿਆ ਕਿ ਉਹ ਬਾਇਡਨ-ਹੈਰਿਸ ਦੀ ਜੋੜੀ ਨੂੰ ਸਫਲ ਬਣਾਉਣ ਲਈ ਆਪਣੀ ਪੂਰੀ ਵਾਹ ਲਾਉਣਗੇ।

# ਰੈਸਟੋਰੈਂਟ ਵਿੱਚ ਮਹਿਲਾ ਦੇ ਡਰਿੰਕ ਵਿੱਚ ਨਸ਼ੀਲਾ ਪਦਾਰਥ ਮਿਲਾਉਣ ਵਾਲੇ ਵਿਅਕਤੀ ਨੂੰ ਪੁਲਿਸ ਨੇ ਕੀਤਾ ਗ੍ਰਿਫਤਾਰ



ਮਿਸੀਸਾਗਾ, 12 ਨਵੰਬਰ (ਪੋਸਟ ਬਿਊਰੋ) : ਪੀਲ ਪੁਲਿਸ ਵੱਲੋਂ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਜਿਸ ਨੇ ਕਥਿਤ ਤੌਰ ਉੱਤੇ ਮਹਿਲਾ ਦੇ ਡਰਿੰਕ ਵਿੱਚ ਕੋਈ ਨਸ਼ੀਲੀ ਵਸਤੂ ਪਾਉਣ ਦੀ ਕੋਸ਼ਿਸ਼ ਕੀਤੀ ਜਦੋਂ ਉਹ ਰੈਸਟਰੂਮ ਦੀ ਵਰਤੋਂ ਕਰਨ ਲਈ ਗਈ।

ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ 22 ਅਕਤੂਬਰ ਨੂੰ ਉਹ ਮਹਿਲਾ ਤੇ ਇਹ ਵਿਅਕਤੀ ਮਿਸੀਸਾਗਾ ਵਿੱਚ ਸਿਟੀ ਸੈਂਟਰ ਡਰਾਈਵ ਤੇ ਸਕੁਏਅਰ ਵੰਨ ਡਰਾਈਵ ਇਲਾਕੇ ਵਿੱਚ ਸਥਿਤ ਇੱਕ ਰੈਸਟੋਰੈਂਟ ਵਿੱਚ ਡਿਨਰ ਕਰ ਰਹੇ ਸਨ। ਜਦੋਂ ਮਹਿਲਾ ਰੈਸਟਰੂਮ ਦੀ ਵਰਤੋਂ ਕਰਨ ਲਈ ਉੱਠੀ ਤਾਂ ਇਸ ਵਿਅਕਤੀ ਨੂੰ ਉਸ ਦੇ ਡਰਿੰਕ ਵਿੱਚ ਕੁੱਝ ਮਿਲਾਉਂਦਿਆਂ ਵੇਖਿਆ ਗਿਆ। ਇਸ ਸਾਰੀ ਘਟਨਾ ਨੂੰ ਆਪ ਵੇਖਣ ਵਾਲੀ ਵੇਟਰੈੱਸ ਨੇ ਉਸ ਮਹਿਲਾ ਨੂੰ ਇਸ ਸਾਰੀ ਘਟਨਾ ਦੀ ਜਾਣਕਾਰੀ ਦਿੱਤੀ। ਜਿਸ ਤੋਂ ਬਾਅਦ ਨਿਜੀ ਲਾਇਸੰਸ ਪਲੇਟ ਵਾਲ ਪੋਰਸ਼ਾ ਗੱਡੀ ਵਿੱਚ ਇਹ ਮਸ਼ਕੂਕ ਫਰਾਰ ਹੋ ਗਿਆ।

ਪੁਲਿਸ ਨੇ ਮਿਸੀਸਾਗਾ ਦੇ 51 ਸਾਲਾ ਤਾਰਿਕ ਨਵਾਜ਼ ਨੂੰ ਗ੍ਰਿਫਤਾਰ ਕਰ ਲਿਆ ਹੈ ਤੇ ਉਸ ਨੂੰ ਨਸ਼ੀਲੇ ਪਦਾਰਥ ਦੀ ਵਰਤੋਂ ਗਲਤ ਇਰਾਦੇ ਨਾਲ ਕਰਨ ਤੇ ਬ੍ਰੀਚ ਆਫ ਰੈਕੋਗਨਿਜੈਂਸ ਲਈ ਚਾਰਜ ਕੀਤਾ ਗਿਆ ਹੈ।ਨਵਾਜ਼ ਨੂੰ ਅਦਾਲਤ ਵਿੱਚ ਪੇਸ਼ ਹੋਣ ਦੀ ਸ਼ਰਤ ਉੱਤੇ ਰਿਹਾਅ ਕਰ ਦਿੱਤਾ ਗਿਆ ਤੇ ਹੁਣ ਉਸ ਨੂੰ 8 ਜਨਵਰੀ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇਗਾ। ਪੁਲਿਸ ਦਾ ਮੰਨਣਾ ਹੈ ਕਿ ਇਸ ਵਿਅਕਤੀ ਵੱਲੋਂ ਕਈ ਹੋਰ ਮਹਿਲਾਵਾਂ ਨੂੰ ਵੀ ਆਪਣਾ ਨਿਸ਼ਾਨਾ ਬਣਾਇਆ ਗਿਆ ਹੋ ਸਕਦਾ ਹੈ।

# ਛੁਰੇਬਾਜ਼ੀ ਵਿੱਚ ਇੱਕ ਜ਼ਖ਼ਮੀ, ਇੱਕ ਹਿਰਾਸਤ ਵਿੱਚ



ਓਨਟਾਰੀਓ, 12 ਨਵੰਬਰ (ਪੋਸਟ ਬਿਊਰੋ) : ਮੌਰਨਿੰਗਸਾਈਡ ਐਵਨਿਊ ਤੇ ਕਿੰਗਸਟਨ ਰੋਡ ਇਲਾਕੇ ਵਿੱਚ ਦਿਨ ਦਿਹਾੜੇ ਇੱਕ ਵਿਅਕਤੀ ਉੱਤੇ ਚਾਕੂ ਨਾਲ ਵਾਰ ਕੀਤੇ ਜਾਣ ਤੋਂ ਬਾਅਦ ਉਹ ਵਿਅਕਤੀ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ।

ਛੁਰੇਬਾਜ਼ੀ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਐਮਰਜੰਸੀ ਅਮਲਾ ਦੁਪਹਿਰ ਨੂੰ ਮੌਕੇ ਉੱਤੇ ਪਹੁੰਚਿਆ। ਪੁਲਿਸ ਨੇ ਦੱਸਿਆ ਕਿ ਹਮਲਾਵਰ ਵੱਲੋਂ ਸਬੰਧਤ ਵਿਅਕਤੀ ਦੇ ਢਿੱਡ ਵਿੱਚ ਚਾਕੂ ਨਾਲ ਵਾਰ ਕੀਤਾ ਗਿਆ ਤੇ ਉਹ ਹਸਪਤਾਲ ਵਿੱਚ ਜ਼ਿੰਦਗੀ ਮੌਤ ਦੀ ਲੜਾਈ ਲੜ ਰਿਹਾ ਹੈ।

ਇਸ ਘਟਨਾ ਤੋਂ ਥੋੜ੍ਹੀ ਦੇਰ ਬਾਅਦ ਹੀ ਇੱਕ ਹੋਰ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।ਇਸ ਛੁਰੇਬਾਜ਼ੀ ਦੀ ਘਟਨਾ ਨੂੰ ਕਿਉਂ ਅੰਜਾਮ ਦਿੱਤਾ ਗਿਆ ਇਸ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਮਿਲੀ ਹੈ।

# ਇੱਕ ਹੋਰ ਅਮਰੀਕੀ ਕੰਪਨੀ ਕੋਵਿਡ-19 ਵਾਇਰਸ ਦਾ ਤੋੜ ਲੱਭਣ ਦੇ ਨੇੜੇ



ਮੈਸਾਚਿਊਸੈਟਸ, 12 ਨਵੰਬਰ (ਪੋਸਟ ਬਿਊਰੋ) : ਕੋਵਿਡ-19 ਦੇ ਖਾਤਮੇ ਲਈ ਸਿਰਫ ਫਾਈਜ਼ਰ ਹੀ ਮੂਹਰੇ ਹੋ ਕੇ ਸੰਘਰਸ਼ ਨਹੀਂ ਕਰ ਰਹੀ ਹੈ ਸਗੋਂ ਕਈ ਹੋਰ ਕੰਪਨੀਆਂ ਵੀ ਇਸ ਮਹਾਂਮਾਰੀ ਦਾ ਤੋੜ ਲੱਭਣ ਵਿੱਚ ਮੁਕੰਮਲ ਸਫਲਤਾ ਹਾਸਲ ਕਰਨ ਦੇ ਨੇੜੇ ਹਨ।

ਅਮਰੀਕਾ ਸਥਿਤ ਇੱਕ ਹੋਰ ਫਾਰਮਾਸਿਊਟੀਕਲ ਕੰਪਨੀ ਵੀ ਟ੍ਰਾਇਲ ਸਬੰਧੀ ਆਪਣਾ ਡਾਟਾ ਜਾਰੀ ਕਰਨ ਦੇ ਲੱਗਭਗ ਨੇੜੇ ਪਹੁੰਚ ਚੁੱਕੀ ਹੈ। ਮੈਸਾਚਿਊਸੈਟਸ ਸਥਿਤ ਮੌਡਰਨਾ ਵੱਲੋਂ ਵੀ ਇਸ ਮਹੀਨੇ ਆਪਣੇ ਵੱਲੋਂ ਤਿਆਰ ਵੈਕਸੀਨ ਦੀ ਸਫਲਤਾ ਦਾ ਖੁਲਾਸਾ ਕੀਤਾ ਜਾਵੇਗਾ। ਫਾਈਜ਼ਰ ਵੱਲੋਂ ਬੀਤੇ ਦਿਨੀਂ ਇਹ ਐਲਾਨ ਕੀਤਾ ਗਿਆ ਸੀ ਕਿ ਉਨ੍ਹਾਂ ਨੂੰ ਵਾਇਰਸ ਨੂੰ ਮਾਰਨ ਲਈ ਆਪਣੀ ਵੈਕਸੀਨ ਵਾਸਤੇ 90 ਫੀ ਸਦੀ ਸਫਲਤਾ ਹਾਸਲ ਹੋ ਚੁੱਕੀ ਹੈ।

ਮੌਡਰਨਾ ਨੇ ਆਪਣੇ ਕਲੀਨਿਕਲ ਟ੍ਰਾਇਲ ਵਿੱਚ 40,000 ਲੋਕਾਂ ਨੂੰ ਸ਼ਾਮਲ ਕੀਤਾ, ਜਿਨ੍ਹਾਂ ਵਿੱਚੋਂ ਅੱਧਿਆਂ ਨੂੰ ਵੈਕਸੀਨ ਦਿੱਤੀ ਗਈ ਤੇ ਬਾਕੀਆਂ ਨੂੰ ਪਲੇਸੀਬੋ। ਇਸੇ ਤਰ੍ਹਾਂ ਹੀ ਕਈ ਹੋਰ ਕੰਪਨੀਆਂ ਵੀ ਵੈਕਸੀਨ ਤਿਆਰ ਕਰਨ ਵਿੱਚ ਸਫਲਤਾ ਦੇ ਨੇੜੇ ਪਹੁੰਚ ਗਈਆਂ ਲੱਗਦੀਆ ਹਨ। ਬਲੂਮਬਰਗ ਨੇ ਦੱਸਿਆ ਕਿ 11 ਪੱਧਰ ਉੱਤੇ ਅਧਿਐਨ ਇਸ ਸਮੇਂ ਚੱਲ ਰਿਹਾ ਹੈ। ਇਸ ਵਿੱਚ ਐਸਟ੍ਰਾਜ਼ੈਨੇਕਾ ਤੇ ਜੌਹਨਸਨ ਐਂਡ ਜੌਹਨਸਨ ਵਰਗੀਆਂ ਕੰਪਨੀਆਂ ਵੀ ਸ਼ਾਮਲ ਹਨ।

ਫਾਈਜ਼ਰ ਕੋਲ ਅਗਲੇ ਹਫਤੇ ਦੋ ਮਹੀਨਿਆਂ ਦਾ ਸੇਫਟੀ ਡਾਟਾ ਹੋਵੇਗਾ। ਜੇ ਸੱਭ ਕੁੱਝ ਠੀਕ ਰਿਹਾ ਤਾਂ ਕੁੱਝ ਹਾਈ ਰਿਸਕ ਵਿਅਕਤੀਆਂ ਨੂੰ ਦਸੰਬਰ ਤੱਕ ਇਸ ਵੈਕਸੀਨ ਦੀ ਲੋੜੀਂਦੀ ਡੋਜ਼ ਦੇ ਦਿੱਤੀ ਜਾਵੇਗੀ। ਬੁੱਧਵਾਰ ਨੂੰ ਰੂਸ ਨੇ ਵੀ ਇਹ ਦਾਅਵਾ ਕੀਤਾ ਸੀ ਕਿ ਸਿਰਫ ਅਮਰੀਕੀ ਕੰਪਨੀਆਂ ਹੀ ਨਹੀਂ ਉਨ੍ਹਾਂ ਦੇ ਦੇਸ਼ ਵਿੱਚ ਤਿਆਰ ਵੈਕਸੀਨ, ਜਿਸ ਦਾ ਟ੍ਰਾਇਲ 18000 ਵਿਅਕਤੀਆਂ ਉੱਤੇ ਕੀਤਾ ਗਿਆ, 92 ਫੀ ਸਦੀ ਅਸਰਦਾਰ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਕਰਮਚਾਰੀ ਦੇ ਕੋਵਿਡ-19 ਪਾਜ਼ੀਟਿਵ ਪਾਏ ਜਾਣ ਤੋਂ ਬਾਅਦ ਮੈਕਡੌਨਲਡ ਰੈਸਟੋਰੈਂਟ ਬੰਦ



ਟੋਰਾਂਟੋ, 12 ਨਵੰਬਰ (ਪੋਸਟ ਬਿਊਰੋ) : ਕੋਵਿਡ-19 ਦੇ ਸਬੰਧ ਵਿੱਚ ਆਪਣੇ ਇੱਕ ਕਰਮਚਾਰੀ ਦੇ ਪਾਜ਼ੀਟਿਵ ਪਾਏ ਜਾਣ ਤੋਂ ਬਾਅਦ ਸਟੌਕਯਾਰਡ ਸਥਿਤ ਮੈਕਡੌਨਲਡ ਦਾ ਰੈਸਟੋਰੈਂਟ ਬੰਦ ਕਰ ਦਿੱਤਾ ਗਿਆ।

ਇਹ ਰੈਸਟੋਰੈਂਟ ਸੇਂਟ ਕਲੇਅਰ ਐਵਨਿਊ ਤੇ ਵੈਸਟਨ ਰੋਡ ਨੇੜੇ 630 ਕੀਲ ਸਟਰੀਟ ਉੱਤੇ ਸਥਿਤ ਹੈ। ਰੈਸਟੋਰੈਂਟ ਚੇਨ ਦਾ ਕਹਿਣਾ ਹੈ ਕਿ ਪਾਜ਼ੀਟਿਵ ਪਾਏ ਗਏ ਕਰਮਚਾਰੀ ਨੇ ਆਖਰੀ ਸ਼ਿਫਟ ਵਜੋਂ ਐਤਵਾਰ ਨੂੰ ਦੁਪਹਿਰੇ 3:00 ਵਜੇ ਤੋਂ 8:00 ਵਜੇ ਤੱਕ ਉੱਥੇ ਕੰਮ ਕੀਤਾ ਸੀ। ਉਸ ਕਰਮਚਾਰੀ ਦੇ ਸੰਪਰ ਵਿੱਚ ਆਉਣ ਵਾਲਿਆਂ ਨੂੰ ਸੈਲਫ ਆਈਸੋਲੇਟ ਕਰਨ ਦੀ ਸਲਾਹ ਦਿੱਤੀ ਗਈ ਹੈ।

ਇਹ ਟੋਰਾਂਟੋ ਦੀ ਦੂਜੀ ਲੋਕੇਸ਼ਨ ਹੈ ਜਿਸ ਨੂੰ ਇਸ ਹਫਤੇ ਆਰਜ਼ੀ ਤੌਰ ਉੱਤੇ ਬੰਦ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਰੌਨਸੈਸਵਾਲਜ਼ ਐਵਨਿਊ ਦੇ ਪੱਛਮ ਵਿੱਚ 10 ਦ ਕੁਈਨਸਵੇਅ ਉੱਤੇ ਸਥਿਤ ਮੈਕਡੌਨਲਡ ਨੂੰ ਮੰਗਲਵਾਰ ਨੂੰ ਆਪਣੇ ਇੱਕ ਮੁਲਾਜ਼ਮ ਦੇ ਕੋਵਿਡ-19 ਪਾਜ਼ੀਟਿਵ ਆਉਣ ਦਾ ਪਤਾ ਲੱਗਿਆ ਸੀ ਤੇ ਉਹ ਰੈਸਟੋਰੈਂਟ ਵੀ ਬੰਦ ਕਰ ਦਿੱਤਾ ਗਿਆ ਸੀ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# 5 ਡਾਲਰ ਦੇ ਨੋਟ 'ਤੇ ਹੁਣ ਕਿਸਦੀ ਛਪੇਗੀ ਤਸਵੀਰ ?

ਓਟਵਾ, 12 ਨਵੰਬਰ (ਪੋਸਟ ਬਿਊਰੋ) : ਬੈਂਕ ਆਫ ਕੈਨੇਡਾ ਵੱਲੋਂ ਉਨ੍ਹਾਂ ਅੱਠ ਮਹਾਨ ਹਸਤੀਆਂ ਦੀ ਲਿਸਟ ਜਾਰੀ ਕੀਤੀ ਜਾ ਰਹੀ ਹੈ ਜਿਨ੍ਹਾਂ ਵਿੱਚੋਂ ਕੋਈ ਇੱਕ ਅਗਲੇ 5 ਡਾਲਰ ਦੇ ਨੋਟ ਉੱਤੇ ਛਪੇਗੀ।



ਇਨ੍ਹਾਂ ਅੱਠ ਵਿੱਚੋਂ ਵੀ ਸੱਭ ਤੋਂ ਮੂਹਰੇ ਰਹਿਣ ਵਾਲਿਆਂ ਵਿੱਚ ਕੈਨੇਡੀਅਨ ਫਰਸਟ ਨੇਸ਼ਨਜ਼ ਸੈਨਿਕ, ਸਿਆ-ਸਤਦਾਨ ਤੇ ਕਾਰਕੁੰਨ ਫਰਾਂਸਿਸ ਪੇਗਾਹਮਾਗਾਬੋਅ, ਟੈਰੀ ਫੌਕਸ ਤੇ ਲੌਂਟਾ ਹਿਟਸ਼ਮਾਨੋਵਾ ਸ਼ਾਮਲ ਹਨ। ਪੇਗਾਹਮਾਗਾਬੋਅ ਕੈਨੇਡੀਅਨ ਸੈਨਾ ਦੇ ਸੱਭ ਤੋਂ ਵੱਧ ਸਨਮਾਨਿਤ ਮੂਲਵਾਸੀ ਸੈਨਿਕ ਸਨ। ਟੈਰੀ ਫੌਕਸ ਦੀ 1980 ਵਿੱਚ ਚਲਾਈ ਗਈ ਮੈਰਾਥਨ ਆਫ ਹੋਪ ਅੱਜ ਵੀ ਕੈਂਸਰ ਲਈ ਕੈਨੇਡੀਅਨਾਂ ਨੂੰ ਪੈਸੇ ਇੱਕਠੇ ਕਰਨ ਲਈ ਪ੍ਰੇਰਿਤ ਕਰਦੀ ਹੈ। ਲੌਂਟਾ ਹਿਟਸ਼ਮਾਨੋਵਾ ਇੱਕ ਮਾਨਵਤਾਵਾਦੀ ਸ਼ਖਸੀਅਤ ਸੀ, ਜਿਸ ਨੂੰ ਕੈਨੇਡਾ ਦੀ ਮਦਰ ਟੈਰੇਸਾ ਵਜੋਂ ਵੀ ਜਾਣਿਆ ਜਾਂਦਾ ਹੈ।

ਇਹ ਉਹ ਨਾਂ ਹਨ ਜਿਹੜੇ ਛੇ ਹਫਤਿਆਂ ਤੱਕ ਚੱਲੀ ਪਬਲਿਕ ਕੰਸਲਟੇਸ਼ਨ ਵਿੱਚ ਕੈਨੇਡੀਅਨਾਂ ਵੱਲੋਂ ਜਮ੍ਹਾਂ ਕਰਵਾਏ ਗਏ 600 ਨਾਂਵਾਂ ਵਿੱਚੋਂ ਸੱਭ ਤੋਂ ਮੂਹਰੇ ਰਹੇ। ਇਸ ਸਮੇਂ ਕੈਨੇਡਾ ਦੇ 5 ਡਾਲਰ ਦੇ ਨੋਟ ਉੱਤੇ ਕੈਨੇਡਾ ਦੇ ਪਹਿਲੇ ਫਰੈਂਚ ਬੋਲਣ ਵਾਲੇ ਪ੍ਰਧਾਨ ਮੰਤਰੀ ਸਰ ਵਿਲਫਰਿਡ ਲੌਰੀਅਰ ਦੀ ਤਸਵੀਰ ਛਪੀ ਹੁੰਦੀ ਹੈ। ਅਗਲੇ ਸਾਲ ਦੇ ਸ਼ੁਰੂ ਵਿੱਚ ਵਿੱਤ ਮੰਤਰੀ ਵੱਲੋਂ ਜੇਤੂ ਸ਼ਖਸੀਅਤ ਦਾ ਐਲਾਨ ਕੀਤਾ ਜਾਵੇਗਾ।

# ਕੋਵਿਡ-19 ਦੇ ਮਾਮਲਿਆਂ ਵਿੱਚ ਹੋ ਰਹੇ ਰਿਕਾਰਡ ਵਾਧੇ ਨਾਲ ਸਿੱਝਣ ਲਈ ਪਾਬੰਦੀਆਂ ਵਿੱਚ ਢਿੱਲ ਨਾ ਦਿੱਤੀ ਜਾਵੇ : ਟਰੂਡੋ

ਓਟਵਾ, 12 ਨਵੰਬਰ (ਪੋਸਟ ਬਿਊਰੋ) : ਦੇਸ਼ ਭਰ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ ਹੋ ਰਹੇ ਰਿਕ-ਾਰਡ ਵਾਧੇ ਨੂੰ ਲੈ ਕੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕਾਫੀ ਚਿੰਤਤ ਹਨ।

ਜਸਟਿਨ ਟਰੂਡੋ ਵੱਲੋਂ ਪ੍ਰੀਮੀਅਰਜ਼ ਤੇ ਮੇਅਰਜ਼ ਨੂੰ ਇਹ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਪਬਲਿਕ ਹੈਲਥ ਦੀ ਹਿਫਾਜ਼ਤ ਲਈ ਹੁਣੇ ਕਾਰਵਾਈ ਕਰਨ ਤੇ ਸਿਰਫ ਅਰਥਚਾਰੇ ਲਈ ਕੁੱਝ ਇਲਾਕਿਆਂ ਵਿੱਚ ਲਾਈਆਂ ਪਾਬੰਦੀਆਂ ਵਿੱਚ ਢਿੱਲ ਨਾ ਦੇਣ। ਟਰੂਡੋ ਨੇ ਮੰਗਲਵਾਰ ਨੂੰ ਆਖਿਆ ਕਿ ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਲੋਕਾਂ ਲਈ ਸਹਿਯੋਗ ਵਿੱਚ ਸਾਡੇ ਵੱਲੋਂ ਕੋਈ ਕਮੀ ਰਹਿ ਗਈ ਹੈ ਤਾਂ ਸਾਨੂੰ ਦੱਸਿਆ ਜਾਵੇ। ਅਸੀਂ ਪਹਿਲੇ ਦਿਨ ਤੋਂ ਲੈ ਕੇ ਜਿਸ ਤਰ੍ਹਾਂ ਤੁਹਾਡੇ ਨਾਲ ਕੰਮ ਕਰਦੇ ਆਏ ਹਾਂ ਉਸ ਤਰ੍ਹਾਂ ਅੱਗੇ ਵੀ ਕਰਦੇ ਰਹਾਂਗੇ। ਉਨ੍ਹਾਂ ਆਖਿਆ ਕਿ ਫੈਡਰਲ ਸਰਕਾਰ ਨੇ ਇਸ ਔਖੀ ਘੜੀ ਵਿੱਚ ਕੈਨੇਡੀਅਨਾਂ ਦੀ ਹਰ ਪੱਖੋਂ ਮਦਦ ਕਰਨ ਦਾ ਜਿਹੜਾ ਵਾਅਦਾ ਕੀਤਾ ਹੈ ਅਸੀਂ ਉਸ ਨੂੰ ਹਰ ਹਾਲ ਨਿਭਾਵਾਂਗੇ, ਫਿਰ ਭਾਵੇਂ ਇਸ ਲਈ ਕਿੰਨਾ ਸਮਾਂ ਹੀ ਕਿਉਂ ਨਾ ਲੱਗੇ। ਮੈਨੀਟੋਬਾ ਵਿੱਚ ਫਰਸਟ ਨੇਸ਼ਨਜ਼




ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ ਹੋਏ ਇਜਾਫੇ ਤੋਂ ਬਾਅਦ ਫੈਡਰਲ ਸਰਕਾਰ ਐਂਟੀ ਕਰੋਨਾਵਾਇਰਸ ਕੋਸ਼ਿਸ਼ਾਂ ਲਈ 61 ਮਿਲੀਅਨ ਡਾਲਰ ਹੋਰ ਖਰਚ ਰਹੀ ਹੈ।

ਮੈਨੀਟੋਬਾ ਦੇ ਪ੍ਰੀਮੀਅਰ ਬ੍ਰਾਇਨ ਪੈਲਿਸਤਰ ਦਾ ਕਹਿਣਾ ਹੈ ਕਿ ਇਸ ਸਮੇਂ ਕੋਵਿਡ-19 ਨਾਲ ਸਿੱਝਣ ਲਈ ਪ੍ਰੋਵਿੰਸ ਨਾਜ਼ੁਕ ਦੌਰ ਵਿੱਚੋਂ ਲੰਘ ਰਹੀ ਹੈ ਤੇ ਉਨ੍ਹਾਂ ਵੱਲੋਂ ਵੱਧ ਰਹੇ ਮਾਮਲਿਆਂ ਨੂੰ ਠੱਲ੍ਹ ਪਾਉਣ ਲਈ ਸਖ਼ਤ ਕਾਰਵਾਈ ਵੀ ਕੀਤੀ ਜਾ ਰਹੀ ਹੈ। ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਸੋਸ਼ਲ ਤੇ ਧਾਰਮਿਕ ਇੱਕਠਾ ਦੇ ਨਾਲ ਨਾਲ ਰੈਸਟੋਰੈਂਟਸ, ਮਿਊਜ਼ੀਅਮਜ਼, ਥਿਏਟਰਜ਼ ਤੇ ਮਨੋਰੰਜਨ ਦੀਆਂ ਹੋਰ ਗਤੀਵਿਧੀਆਂ ਉੱਤੇ ਵੀ ਪਾਬੰਦੀ ਲਾ ਦਿੱਤੀ ਗਈ ਹੈ।

# ਹੇਟ ਗਰੁੱਪਜ਼ ਨੂੰ ਠੱਲ੍ਹ ਪਾਉਣ ਲਈ ਸਖ਼ਤ ਕਦਮ ਚੁੱਕੇ ਲਿਬਰਲ ਸਰਕਾਰ : ਜਗਮੀਤ ਸਿੰਘ

ਓਟਵਾ, 12 ਨਵੰਬਰ (ਪੋਸਟ ਬਿਊਰੋ) : ਐਨਡੀਪੀ ਆਗੂ ਜਗਮੀਤ ਸਿੰਘ ਦਾ ਕਹਿਣਾ ਹੈ ਕਿ ਲਿਬਰਲ ਸਰਕਾਰ ਨੂੰ ਹੇਟ ਗਰੁੱਪਜ਼ ਨਾਲ ਸਿੱਝਣ ਲਈ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ।



ਪਿਛਲੇ ਪੰਜ ਸਾਲਾਂ ਵਿੱਚ ਨਿਓ ਨਾਜ਼ੀ ਗਰੁੱਪਜ਼ ਤੇ ਉਨ੍ਹਾਂ ਵੱਲੋਂ ਆਪਣੀ ਮਾਨਸਿਕਤਾ ਨੂੰ ਜ਼ਾਹਿਰ ਕਰਨ ਵਾਲੇ ਮਸੌਦੇ ਨੂੰ ਆਨਲਾਈਨ ਪਾਏ ਜਾਣ ਦੇ ਮਾਮਲਿਆਂ ਵਿੱਚ ਕਾਫੀ ਵਾਧਾ ਹੋਇਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਹੇਟ ਗਰੁੱਪਜ਼ ਦੀ ਗਿਣਤੀ 2015 ਤੋਂ ਲੈ ਕੇ ਹੁਣ ਤੱਕ ਤਿੰਨ ਗੁਣਾ ਵੱਧ ਚੁੱਕੀ ਹੈ। ਜਗਮੀਤ ਸਿੰਘ ਨੇ ਆਖਿਆ ਕਿ ਸਤੰਬਰ ਵਿੱਚ ਟੋਰਾਂਟੋ ਦੀ ਮਸਜਿਦ ਤੇ 2017 ਵਿੱਚ ਕਿਊਬਿਕ ਸਿਟੀ ਦੀ ਮਸਜਿਦ ਵਿੱਚ ਹੋਈ ਸ਼ੂਟਿੰਗ ਵਰਗੇ ਘਾਤਕ ਮਾਮ-ਲਿਆਂ ਤੋਂ ਬਾਅਦ ਫੈਡਰਲ ਸਰਕਾਰ ਦੀ ਅਜਿਹੇ ਮੁੱਦੇ ਵਿੱਚ ਦਖਲ ਦੇਣ ਦੀ ਮੰਗ ਹੋਰ ਵੀ ਵੱਧ ਜਾਂਦੀ ਹੈ। ਅੱਜ ਐਡਵੋਕੇਟਸ ਨਾਲ ਹੋਈ ਵਰਚੂਅਲ ਮੀਟਿੰਗ ਵਿੱਚ ਜਗਮੀਤ ਸਿੰਘ ਨੇ ਨੈਸ਼ਨਲ ਕਾਊਂਸਲ ਆਫ ਕੈਨੇਡੀਅਨ ਮੁਸਲਿਮਜ਼ ਵੱਲੋਂ ਪੇਸ਼ ਕੀਤੇ ਐਕਸ਼ਨ ਪਲੈਨ ਨਾਲ ਸਹਿਮਤੀ ਪ੍ਰਗਟਾਈ ਜਿਸ ਵਿੱਚ ਆਖਿਆ ਗਿਆ ਸੀਕਿ ਫੈਡਰਲ ਸਰਕਾਰ ਅਜਿਹਾ ਕਾਨੂੰਨ ਬਣਾਵੇ ਜਿਸ ਤਹਿਤ ਅਧਿਕਾਰੀਆਂ ਨੂੰ ਉਨ੍ਹਾਂ ਸੁਪਰੀਮੇਸਿਸਟ ਜਥੇਬੰਦੀਆਂ ਨੂੰ ਬੰਦ ਕਰਨ ਦੀ ਖੁੱਲ੍ਹ ਹੋਵੇ ਜਿਹੜੀਆਂ ਮਿਲੀਸ਼ੀਆ ਜਾਂ ਅੱਤਵਾਦੀ ਸੋਚ ਨੂੰ ਸ਼ਹਿ ਦਿੰਦੀਆਂ ਹੋਣ।

ਕੈਨੇਡੀਅਨ ਐਂਟੀ ਹੇਟ ਨੈੱਟਵਰਕ ਦੇ ਚੇਅਰ ਬਰਨੀ ਫਾਰਬਰ ਨੇ ਆਖਿਆ ਕਿ ਨੈਸ਼ਨਲ ਲਾਅ ਐਨਫੋਰਸਮੈਂਟ ਏਜੰਸੀਆਂ ਨੂੰ ਐਂਟੀ ਹੇਟ ਕ੍ਰਾਈਮ ਡਵੀਜ਼ਨਾਂ ਕਾਇਮ ਕਰਨੀਆਂ ਚਾਹੀਦੀਆਂ ਹਨ। ਨੈਸ਼ਨਲ ਮੁਸਲਿਮ ਕਾਊਂਸਲ ਨੇ ਦੱਸਿਆ ਕਿ ਇਸ ਸਬੰਧ ਵਿੱਚ ਸੰਭਾਵੀ ਕਦਮਾਂ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਉਨ੍ਹਾਂ ਸੋਮਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਪਬਲਿਕ ਸੇਫਟੀ ਮੰਤਰੀ ਬਿੱਲ ਬਲੇਅਰ ਨਾਲ ਵੀ ਵਰਚੂਅਲੀ ਮੁਲਾਕਾਤ ਕੀਤੀ ਸੀ।

# ਨਿੱਕੇ ਕਾਰੋਬਾਰਾਂ ਲਈ ਫੋਰਡ ਸਰਕਾਰ ਨੇ ਐਲਾਨੀ ਟੈਕਸ ਰਾਹਤ

ਓਨਟਾਰੀਓ, 12 ਨਵੰਬਰ (ਪੋਸਟ ਬਿਊਰੋ) : ਪਿੱਛੇ ਜਿਹੇ ਐਲਾਨੇ ਗਏ 2020 ਦੇ ਓਨਟਾਰੀਓ ਦੇ ਬਜਟ ਦੇ ਹਿੱਸੇ ਵਜੋਂ ਫੋਰਡ ਸਰਕਾਰ ਵੱਲੋਂ ਮਿਊਂਸਪੈਲਿਟੀਜ਼ ਨੂੰ ਨਿੱਕੇ ਕਾਰੋਬਾਰਾਂ ਨੂੰ ਪ੍ਰੌਪਰਟੀ ਟੈਕਸ ਤੋਂ ਰਾਹਤ ਦੇਣ ਦੀ ਖੁੱਲ੍ਹ ਦਿੱਤੀ ਜਾ ਰਹੀ ਹੈ।

ਮੇਅਰ ਜੌਹਨ ਟੋਰੀ ਤੇ ਵਿੱਤ ਮੰਤਰੀ ਰੌਡ ਫਿਲਿਪਸ ਨਾਲ ਇਹ ਐਲਾਨ ਕਰਦਿਆਂ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਇਸ ਨਾਲ ਨਿੱਕੇ ਕਾਰੋਬਾਰਾਂ ਨੂੰ 385 ਮਿਲੀਅਨ ਡਾਲਰ ਮਿਊਂਸਪਲ ਤੇ ਪ੍ਰੋਵਿੰਸੀਅਲ ਪ੍ਰਾਪਾਰਟੀ ਟੈਕਸ ਦੀ ਰਾਹਤ ਮਿਲੇਗੀ। ਇੱਥੇ ਹੀ ਬੱਸ ਨਹੀਂ ਓਨਟਾਰੀਓ ਸਰਕਾਰ ਵੀ ਇਨ੍ਹਾਂ ਕਟੌਤੀਆਂ ਦੇ ਬਰਾਬਰ ਹਿੱਸਾ ਪਾਉਣ ਦੀ ਕੋਸ਼ਿਸ਼ ਕਰੇਗੀ। ਫੋਰਡ ਨੇ ਆਖਿਆ ਕਿ ਨਿੱਕੇ ਕਾਰੋਬਾਰ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਹਨ ਪਰ ਬਹੁਤਿਆਂ ਨੂੰ ਮਹਾਂਮਾਰੀ ਦੌਰਾਨ ਜੂਝਣਾ ਪੈ ਰਿਹਾ ਹੈ ਤੇ ਉਹ ਆਪਣੇ ਪੈਰਾਂ ਸਿਰ ਰਹਿਣ ਲਈ ਸੰਘਰਸ਼ ਕਰ ਰਹੇ ਹਨ।



ਉਨ੍ਹਾਂ ਅੱਗੇ ਆਖਿਆ ਕਿ ਸਾਡੇ ਮਿਊਂਸਪਲ ਭਾਈਵਾਲ ਨਿੱਕੇ ਕਾਰੋਬਾਰਾਂ ਨੂੰ ਪ੍ਰਾਪਰਟੀ ਟੈਕਸ ਤੋਂ ਰਾਹਤ ਦੇਣ ਦੀ ਮੰਗ ਲੈ ਕੇ ਆਏ ਸਨ ਤੇ ਆਪਣੇ ਬਜਟ ਵਿੱਚ ਅਸੀਂ ਇਹ ਵਾਅਦਾ ਪੂਰਾ ਕਰ ਦਿੱਤਾ। 2020 ਬਜਟ ਵਿੱਚ ਫੋਰਡ ਸਰਕਾਰ ਨੇ ਇਹ ਐਲਾਨ ਕੀਤਾ ਹੈ ਕਿ ਉਹ ਪਹਿਲੀ ਜਨਵਰੀ, 2021 ਤੋਂ ਸ਼ੁਰੂ ਕਰਕੇ 200,000 ਕਰਮਚਾਰੀਆਂ ਲਈ ਉੱਚ ਬਿਜ਼ਨਸ ਐਜੂਕੇਸ਼ਨ ਟੈਕਸ (ਬੀ ਈ ਟੀ) ਦਰਾਂ ਨੂੰ ਘੱਟ ਰੱਖੇਗੀ।

ਇਸ ਦੌਰਾਨ ਮੇਅਰ ਜੌਹਨ ਟੋਰੀ ਨੇ ਆਖਿਆ ਕਿ ਟੋਰਾਂਟੋ ਲਈ ਟੈਕਸਾਂ ਵਿੱਚ 130 ਮਿਲੀਅਨ ਡਾਲਰ ਦੀ ਬਚਤ ਹੋਵੇਗੀ ਤੇ ਇਸ ਫੈਸਲੇ ਨਾਲ ਲੋਕਲ ਬਿਜ਼ਨਸਿਜ਼ ਉੱਤੇ ਸਕਾਰ-ਾਤਮਕ ਅਸਰ ਪਵੇਗਾ। ਉਨ੍ਹਾਂ ਆਖਿਆ ਕਿ ਮਹਾਂਮਾਰੀ ਕਾਰਨ ਸਾਨੂੰ ਇਸ ਦੀ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਲੋੜ ਹੈ। ਫੋਰਡ ਨੇ ਆਖਿਆ ਕਿ ਇਹ ਦਰਾਂ 0.88 ਫੀ ਸਦੀ ਘਟਾਈਆਂ ਜਾਣਗੀਆਂ ਅਤੇ ਬਹੁਤੇ ਇੰਪਲੌਇਰਜ਼ ਲਈ ਇਹ 30 ਫੀ ਸਦੀ ਘੱਟ ਹਨ।

# ਓਨਟਾਰੀਓ ਐਮਪੀ ਨੇ ਲਿਬਰਲ ਕਾਕਸ ਤੋਂ ਦਿੱਤਾ ਅਸਤੀਫਾ

ਟੋਰਾਂਟੋ, 12 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਐਮਪੀ ਦਾ ਕਹਿਣਾ ਹੈ ਕਿ ਆਪਣੇ ਹਲਕਾ ਆਫਿਸ ਵਿੱਚ ਰਿਸ਼ਤੇਦਾਰ ਨੂੰ ਨੌਕਰੀ ਦੇਣ ਦੇ ਲੱਗ ਰਹੇ ਦੋਸ਼ਾਂ ਤੋਂ ਬਾਅਦ ਉਹ ਲਿਬਰਲ ਕਾਕਸ ਤੋਂ ਅਸਤੀਫਾ ਦੇ ਰਹੀ ਹੈ।





ਯਾਸਮਿਨ ਰਤਾਂਸੀ, ਜੋ ਕਿ ਲਿਬਰਲਾਂ ਲਈ ਡੌਨ ਵੈਲੀ ਈਸਟ ਦੀ ਨੁਮਾਇੰਦਗੀ ਕਰਦੀ ਸੀ, ਨੇ ਕੱਲ੍ਹ ਰਾਤ ਫੇਸਬੁੱਕ ਉੱਤੇ ਪਾਈ ਗਈ ਪੋਸਟ ਵਿੱਚ ਇਹ ਮੰਨਿਆ ਕਿ ਉਸ ਨੇ ਆਪਣੇ ਆਫਿਸ ਵਿੱਚ ਆਪਣੀ ਭੈਣ ਨੂੰ ਨੌਕਰੀ ਦੇ ਕੇ ਬੱਜਰ ਗਲਤੀ ਕੀਤੀ ਹੈ। ਰਤਾਂਸੀ ਨੇ ਇਹ ਵੀ ਦੱਸਿਆ ਕਿ ਆਪਣੇ ਇਸ ਫੈਸਲੇ ਬਾਰੇ ਉਨ੍ਹਾਂ ਪ੍ਰਧਾਨ ਮੰਤਰੀ ਆਫਿਸ ਤੇ ਸਪੀਕਰ ਨੂੰ ਵੀ ਜਾਣਕਾਰੀ ਦੇ ਦਿੱਤੀ ਹੈ। ਉਨ੍ਹਾਂ ਆਪਣੇ ਹਲਕਾ ਵਾਸੀਆਂ ਤੋਂ ਵੀ ਮੁਆਫੀ ਮੰਗੀ ਤੇ ਆਖਿਆ ਕਿ ਹੁਣ ਉਹ ਇੰਡੀਪੈਂਡੈਂਟ ਉਮੀਦਵਾਰ ਵਜੋਂ ਆਪਣਾ ਅਗਲਾ ਪੈਂਡਾ ਤੈਅ ਕਰੇਗੀ।

ਇਹ ਮੁੱਦਾ ਆਫਿਸ ਆਫ ਦ ਕੌਨਫਲਿਕਟ ਆਫ ਇੰਟਰਸਟ ਐਂਡ ਐਥਿਕਸ ਕਮਿਸ਼ਨਰ ਕੋਲ ਵੀ ਪਹੁੰਚ ਚੁੱਕਿਆ ਹੈ ਤੇ ਰਤਾਂਸੀ ਉਨ੍ਹਾਂ ਦੀਆਂ ਸਿਫਾਰਸ਼ਾਂ ਦੀ ਉਡੀਕ ਕਰ ਰਹੀ ਹੈ। ਰਤਾਂਸੀ ਵੱਲੋਂ 2015 ਵਿੱਚ ਓਨਟਾਰੀਓ ਦੇ ਇਸ ਹਲਕੇ ਦੀ ਨੁਮਾਇੰਦਗੀ ਕੀਤੀ ਗਈ ਤੇ ਇਸ ਤੋਂ ਪਹਿਲਾਂ 2004 ਤੋਂ 2011 ਤੱਕ ਵੀ ਇਹ ਸੀਟ ਉਸ ਕੋਲ ਹੀ ਸੀ।

# ਲੀਕੇਜ ਫਿਕਸ ਕਰਨ ਲਈ ਜਨਰਲ ਮੋਟਰਜ਼ ਵਾਪਿਸ ਮੰਗਾਵੇਗੀ 217,000 ਗੱਡੀਆਂ

ਡਿਟਰੋਇਟ, 12 ਨਵੰਬਰ (ਪੋਸਟ ਬਿਊਰੋ) : ਜਨਰਲ ਮੋਟਰਜ ਵੱਲੋਂ ਅਮਰੀਕਾ ਤੇ ਕੈਨੇਡਾ ਵਿੱਚ 217,000 ਕਾਰਾਂ ਤੇ ਐਸਯੂਵੀਜ਼ ਨੂੰ ਵਾਪਿਸ ਮੰਗਵਾਇਆ ਜਾ ਰਿਹਾ ਹੈ। ਤੇਲ ਲੀਕ ਹੋਣ ਦੀਆਂ ਮਿਲੀਆਂ ਸ਼ਿਕਾਇਤਾਂ ਕਰਕੇ ਇਨ੍ਹਾਂ ਗੱਡੀਆਂ ਨੂੰ ਵਾਪਿਸ ਮੰਗਵਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਦਿੱਕਤ ਨਾਲ ਜਾਂ ਤਾਂ ਗੱਡੀਆਂ ਚੱਲਦੀਆਂ ਚੱਲਦੀਆਂ ਰੁਕ ਜਾਂਦੀਆਂ ਹਨ ਤੇ ਜਾਂ ਫਿਰ ਅੱਗ ਵੀ ਫੜ੍ਹ ਸਕਦੀਆਂ ਹਨ।

ਇਨ੍ਹਾਂ ਗੱਡੀਆਂ ਵਿੱਚ 2018 ਤੋਂ 2020 ਤੱਕ ਦੇ ਮਾਡਲ ਦੀਆਂ ਸ਼ੈਵਰਲੇ ਇਕੁਈਨੌਕਸ, ਟਰੈਵਰਸ ਦੇ ਨਾਲ ਨਾਲ ਜੀ ਐਮ ਸੀ ਟੈਰੇਨ ਵੀ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ 2018 ਦੇ ਮਾਡਲ ਦੀ ਸ਼ੈਵਰਲੇ ਮਾਲੀਬੂ ਤੇ 2018 ਤੇ



2019 ਦੇ ਮਾਡਲ ਵਾਲੀਆਂ ਸ਼ੈਵਰਲੇ ਕਰੂਜ਼ ਤੇ ਬੁਇਕ ਲਾਕਰੌਸ ਨੂੰ ਵੀ ਵਾਪਿਸ ਮੰਗਵਾਇਆ ਗਿਆ ਹੈ। ਇਨ੍ਹਾਂ ਦੇ ਨਾਲ 2019 ਤੋਂ 2020 ਤੱਕ ਬਣੀਆਂ ਬੁਇਕ ਐਨਕੌਰ ਤੇ ਐਨਕਲੇਵ, ਕੈਡੀਲੈਕ ਐਕਸ ਟੀ 4, ਜੀ ਐਮ ਸੀ ਅਕੈਡੀਆ ਤੇ ਸ਼ੈਵਰਲੇ ਬਲੇਜ਼ਰ ਵੀ ਵਾਪਿਸ ਮੰਗਵਾਈਆਂ ਗਈਆਂ ਹਨ। 2020 ਮਾਡਲ ਵਾਲੀ ਕੈਡੀਲੈਕ ਐਕਸ ਟੀ 6 ਨੂੰ ਵੀ ਵਾਪਿਸ ਮੰਗਵਾਈਆਂ ਗਈਆਂ ਗੱਡੀਆਂ ਵਿੱਚ ਸ਼ਾਮਲ ਕੀਤਾ ਗਿਆ ਹੈ।

ਜੀਐਮ ਨੇ ਵੀਕੈਂਡ ਉੱਤੇ ਪੋਸਟ ਕੀਤੇ ਸਰਕਾਰੀ ਦਸਤਾਵੇਜ਼ਾਂ ਵਿੱਚ ਆਖਿਆ ਕਿ ਗੱਡੀਆਂ ਦੇ ਸਟੌਪ ਸਟਾਰਟ ਮੈਕੇਨਿਜ਼ਮ ਵਿੱਚੋਂ ਦੋ ਬੋਲਟ ਗਾਇਬ ਹਨ ਜਿਨ੍ਹਾਂ ਕਾਰਨ ਫਲੂਅਡ ਲੀਕ ਹੁੰਦਾ ਹੈ। ਕੰਪਨੀ ਨੇ ਇਹ ਵੀ ਆਖਿਆ ਹੈ ਕਿ ਇਸ ਦੌਰਾਨ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੇ ਹਾਦਸੇ, ਅੱਗ ਲੱਗਣ ਜਾਂ ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਮਿਲੀ ਹੈ। ਡੀਲਰਜ਼ ਇਸ ਮੈਕੇਨਿਜ਼ਮ ਦੀ ਜਾਂਚ ਕਰਨਗੇ ਤੇ ਲੋੜ ਪੈਣ ਉੱਤੇ ਬੋਲਟ ਬਦਲ ਦਿੱਤੇ ਜਾਣਗੇ ਜਾਂ ਨਵੇਂ ਲਾ ਦਿੱਤੇ ਜਾਣਗੇ। ਇਹ ਗੱਡੀਆਂ 14 ਦਸੰਬਰ ਤੋਂ ਵਾਪਿਸ ਮੰਗਵਾਈਆਂ ਜਾਣਗੀਆਂ।

# ਇਲੈਕਟ੍ਰਿਕ ਗੱਡੀਆਂ ਦੇ ਨਿਰਮਾਣ ਲਈ 350 ਲੋਕਾਂ ਨੂੰ ਰੋਜ਼ਗਾਰ ਦੇਵੇਗੀ ਫੋਰਡ

ਡਿਟਰੋਇਟ, 12 ਨਵੰਬਰ (ਪੋਸਟ ਬਿਊਰੋ) : ਇਲੈਕਟ੍ਰਿਕ ਵਾਹਨਾਂ ਦੀ ਮੰਗ ਨੂੰ ਵੇਖਦਿਆਂ ਹੋਇਆਂ ਆਪਣੀਆਂ ਦੋ ਫੈਕਟਰੀਆਂ ਵਿੱਚ ਫੋਰਡ ਕੰਪਨੀ 350 ਲੋਕਾਂ ਨੂੰ ਰੋਜ਼ਗਾਰ ਦੇਵੇਗੀ।

ਇਸ ਆਟੋਨਿਰਮਾਤਾ ਕੰਪਨੀ ਦਾ ਕਹਿਣਾ ਹੈ ਕਿ ਉਹ ਆਪਣੇ ਕਲੇਅਕੋਮੋ, ਮਿਸੂਰੀ ਸਥਿਤ ਕੰਸਾਸ ਸਿਟੀ ਅਸੈਂਬਲੀ ਪਲਾਂਟ ਵਿੱਚ 150 ਵਰਕਰਜ਼ ਨੂੰ ਨੌਕਰੀ ਦੇਵੇਗੀ। ਇਸ ਪਲਾਂਟ ਵਿੱਚ ਨਵੀਂ ਈ-ਟਰਾਂਜ਼ਿਟ ਫੁੱਲ ਸਾਈਜ਼ ਵੈਨ ਤਿਆਰ ਕੀਤੀ ਜਾਵੇਗੀ, ਜਿਸ ਦੀ ਵਿੱਕਰੀ ਅਗਲੇ ਸਾਲ ਤੋਂ ਸ਼ੁਰੂ ਹੋਵੇਗੀ।

ਇਸ ਤੋਂ ਇਲਾਵਾ ਹੋਰ 200 ਵਰਕਰਜ਼ ਨੂੰ ਫੋਰਡ ਦੇ ਡੀਅਰਬੌਰਨ, ਮਿਸ਼ੀਗਨ ਸਥਿਤ ਰੂਜ਼ ਇਲੈਕਟ੍ਰਿਕ ਵ੍ਹੀਕਲ ਸੈਂਟਰ ਵਿੱਚ ਕੰਮ ਦਿੱਤਾ ਜਾਵੇਗਾ। ਇੱਥੇ ਇਲੈਕਟ੍ਰਿਕ ਐਫ-150 ਪਿਕਅੱਪ ਟਰੱਕ ਤਿਆਰ ਕੀਤੇ ਜਾਣਗੇ ਜਿਨ੍ਹਾਂ ਦਾ ਉਤਪਾਦਨ 2022 ਦੇ ਮੱਧ ਤੋਂ ਸ਼ੁਰੂ ਹੋਵੇਗਾ।

ਇਸ ਤੋਂ ਇਲਾਵਾ ਫੋਰਡ ਦਾ ਕਹਿਣਾ ਹੈ ਕਿ ਉਸ ਵੱਲੋਂ ਕੰਸਾਸ ਸਿਟੀ ਪਲਾਂਟ ਵਿੱਚ 100 ਮਿਲੀਅਨ ਡਾਲਰ ਦਾ ਨਿਵੇਸ਼ ਵੀ ਕੀਤਾ ਜਾਵੇਗਾ। ਅਜਿਹਾ ਉਸ ਅਸੈਂਬਲੀ ਲਾਈਨ ਨੂੰ ਤਿਆਰ ਕਰਨ ਲਈ ਕੀਤਾ ਜਾਵੇਗਾ ਜਿੱਥੇ ਇਲੈਕਟ੍ਰਿਕ ਵੈਨਜ਼



ਬਣਾਈਆਂ ਜਾਣਗੀਆਂ। ਅਮਰੀਕਾ ਵਿੱਚ ਫੋਰਡ ਦੇ ਪ੍ਰੈਜ਼ੀਡੈਂਟ ਕੁਮਾਰ ਗਲਹੋਤਰਾ ਦਾ ਕਹਿਣਾ ਹੈ ਕਿ ਪੈਕੇਜ ਡਲਿਵਰੀ ਕੰਪਨੀਆਂ ਆਪਣੇ ਕਾਰਬਨ ਫੁੱਟਪ੍ਰਿੰਟਸ ਨੂੰ ਘਟਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਤੇ ਇਸ ਲਈ ਇਲੈਕਟ੍ਰਿਕ ਗੱਡੀਆਂ ਦੀ ਮੰਗ ਵਿੱਚ ਵਾਧਾ ਹੋ ਰਿਹਾ ਹੈ। ਇਸ ਮੰਗ ਨੂੰ ਪੂਰਾ ਕਰਨ ਲਈ ਇਹ ਕਦਮ ਚੁੱਕਿਆ ਜਾ ਰਿਹਾ ਹੇ। ਉਨ੍ਹਾਂ ਆਖਿਆ ਕਿ ਇਸੇ ਤਰ੍ਹਾਂ ਇਲੈਕਟ੍ਰਿਕ ਪਿਕ ਅੱਪ ਦੀ ਮੰਗ ਵਿੱਚ ਵੀ ਵਾਧਾ ਹੋਇਆ ਹੈ।

ਕੰਪਨੀ ਦਾ ਕਹਿਣਾ ਹੈ ਕਿ ਹੋਰ ਇਲੈਕਟ੍ਰਿਕ ਗੱਡੀਆਂ ਦੇ ਨਿਰਮਾਣ ਲਈ ਇਹ ਤਾਂ ਅਜੇ ਸ਼ੁਰੂਆਤੀ ਨਿਵੇਸ਼ ਹੈ। 2022 ਵਿੱਚ ਕੰਪਨੀ ਇਲੈਕਟ੍ਰਿਕ ਵ੍ਹੀਕਲ ਫੈਕਟਰੀਆਂ ਲਈ 11.5 ਬਿਲੀਅਨ ਡਾਲਰ ਦਾ ਨਿਵੇਸ਼ ਕਰਨ ਦਾ ਇਰਾਦਾ ਵੀ ਰੱਖਦੀ ਹੈ।

# ਰੈੱਡ ਜ਼ੋਨ ਵਿੱਚ ਦਾਖਲ ਹੋਣ ਜਾ ਰਿਹਾ ਹੈ ਟੋਰਾਂਟੋ, ਦਸੰਬਰ ਦੇ ਮੱਧ ਤੱਕ ਬੰਦ ਰਹੇਗੀ ਇੰਡੋਰ ਡਾਈਨਿੰਗ

ਟੋਰਾਂਟੋ, 12 ਨਵੰਬਰ (ਪੋਸਟ ਬਿਊਰੋ) : ਕੋਵਿਡ-19 ਦੇ ਵੱਧ ਰਹੇ ਮਾਮਲਿਆਂ ਦੇ ਸਬੰਧ ਵਿੱਚ ਓਨਟਾਰੀਓ ਸਰਕਾਰ ਵੱਲੋਂ ਪੜਾਅਵਾਰ ਸ਼ਟਡਾਊਨ ਸਿਸਟਮ ਲਾਗੂ ਕਰਨ ਦੇ ਲਏ ਗਏ ਫੈਸਲੇ ਤਹਿਤ ਟੋਰ-ਾਂਟੋ ਰੈੱਡ ਜ਼ੋਨ ਵਿੱਚ ਦਾਖਲ ਹੋਣ ਜਾ ਰਿਹਾ ਹੈ। ਇੱਥੇ ਪਾਬੰਦੀਆਂ ਹੋਰ ਵੀ ਵਧਾਈਆਂ ਜਾਣਗੀਆਂ। ਘੱਟੋ ਘੱਟ ਦਸੰਬਰ ਦੇ ਮੱਧ ਤੱਕ ਇੰਡੋਰ ਡਾਈਨਿੰਗ ਵੀ ਬੰਦ ਰਹੇਗੀ। ਲੋਕਾਂ ਨੂੰ ਸੋਸ਼ਲ ਗੈਦਰਿੰਗ ਵਿੱਚ ਵੀ ਹਿੱਸਾ ਨਾ ਲੈਣ ਦੀ ਤਾਕੀਦ ਕੀਤੀ ਗਈ ਹੈ। 14 ਨਵੰਬਰ ਤੋਂ ਸ਼ੁਰੂ ਹੋ ਕੇ ਸਿਟੀ ਰੈੱਡ ਜ਼ੋਨ ਵਿੱਚ ਦਾਖਲ ਹੋ ਜਾਵੇਗੀ। ਪੂਰੇ ਲਾਕਡਾਊਨ ਤੋਂ ਪਹਿਲਾਂ ਪੜਾਅਵਾਰ ਸ਼ੱਟਡਾਊਨ ਸਿਸਟਮ ਦਾ ਇਹ ਆਖਰੀ ਕਦਮ ਹੈ। ਇੰਡੋਰ ਫਿਟਨੈੱਸ ਕਲਾਸਾਂ ਉੱਤੇ ਵੀ ਪਾਬੰਦੀ ਰਹੇਗੀ। ਜਿੰਮ ਉਸ ਸੂਰਤ ਵਿੱਖ ਖੁੱਲ੍ਹ ਸਕਣਗੇ ਜੇ ਇੱਕ ਵਾਰੀ ਵਿੱਚ ਸਿਰਫ 10 ਵਿਅਕਤੀ ਹੀ ਅੰਦਰ ਹੋਣਗੇ। ਇਸ ਤੋਂ ਇਲਾਵਾ ਟੋਰਾਂਟੋ ਵਿੱਚ ਮੀਟਿੰਗ ਤੇ ਈਵੈਂਟ ਵਾਲੀਆਂ ਥਾਂਵਾਂ, ਕੈਸੀਨੋਜ਼, ਬਿੰਗੋ ਹਾਲਜ਼ ਤੇ ਹੋਰ ਗੇਮਿੰਗ ਵਾਲੀਆਂ ਥਾਂਵਾਂ ਨੂੰ ਵੀ ਬੰਦ ਰੱਖਿਆ ਜਾਵੇਗਾ। ਰੈੱਡ ਜ਼ੋਨ ਵਿੱਚ ਇੰਡੋਰ ਮੂਵੀ ਥਿਏਟਰ ਵੀ ਬੰਦ ਰੱਖੇ ਜਾਣਗੇ।



14 ਨਵੰਬਰ ਤੋਂ ਸ਼ੁਰੂ ਹੋ ਕੇ 28 ਦਿਨਾਂ ਤੱਕ ਟੋਰਾਂਟੋ ਰੈੱਡ ਜ਼ੋਨ ਵਿੱਚ ਰਹੇਗਾ। ਇਸ ਤੋਂ ਭਾਵ ਹੈ ਕਿ ਹੁਣ ਕਾਰੋਬਾਰ 12 ਦਸੰਬਰ ਨੂੰ ਹੀ ਖੁੱਲ੍ਹ ਸਕਣਗੇ। ਹਾਲਾਂਕਿ ਰੈੱਡ ਜ਼ੋਨ ਤਹਿਤ ਇੰਡੋਰ ਡਾਈਨਿੰਗ ਬੰਦ ਕਰਨ ਦੀ ਕੋਈ ਸ਼ਰਤ ਨਹੀਂ ਹੈ ਪਰ ਟੋਰਾਂਟੋ ਵੱਲੋਂ ਅਹਿਤਿਆਤਨ ਅਜਿਹਾ ਕੀਤਾ ਜਾ ਰਿਹਾ ਹੈ। ਸਿਟੀ ਦੀ ਮੈਡੀਕਲ ਆਫੀਸਰ ਆਫ ਹੈਲਥ ਡਾ. ਐਲੀਨ ਡੀ ਵਿਲਾ ਨੇ ਆਖਿਆ ਕਿ ਉਹ ਸਾਫ ਲਫਜ਼ਾਂ ਵਿੱਚ ਇਹ ਸਮਝਾਉਣਾ ਚਾਹੁੰਦੀ ਹੈ ਕਿ ਇਸ ਸਮੇਂ ਕੋਵਿਡ-19 ਦੇ ਮਾਮਲਿਆਂ ਵਿੱਚ ਲੋੜੋਂ ਵੱਧ ਵਾਧਾ ਦਰਜ ਕੀਤਾ ਜਾ ਰਿਹਾ ਹੈ ਤੇ ਅਜਿਹਾ ਪਹਿਲਾਂ ਵੇਖਣ ਨੂੰ ਨਹੀਂ ਮਿਲਿਆ। ਉਨ੍ਹਾਂ ਆਖਿਆ ਕਿ ਭਾਵੇਂ ਇਸ ਫੈਸਲੇ ਦਾ ਅਰਥਚਾਰੇ ਉੱਤੇ ਮਾੜਾ ਅਸਰ ਪਵੇਗਾ ਪਰ ਇਹ ਕਦਮ ਚੁੱਕੇ ਜਾਣੇ ਜ਼ਰੂਰੀ ਹਨ।

ਉਨ੍ਹਾਂ ਆਖਿਆ ਕਿ ਵਾਇਰਸ ਹਰ ਪਾਸੇ ਹੈ ਤੇ ਅਹਿਤਿਆਤ ਵਰਤਣ ਤੇ ਬਿਨਾਂ ਪ੍ਰੋਟੈਕਸ਼ਨ ਦੇ ਹਰ ਕਿਸੇ ਨੂੰ ਇਹ ਇਨਫੈਕਸ਼ਨ ਹੋਣ ਦਾ ਡਰ ਹੈ। ਟੋਰਾਂਟੋ ਤੋਂ ਇਲਾਵਾ ਪੀਲ ਰੀਜਨ ਨੂੰ ਹੀ ਹਾਲ ਦੀ ਘੜੀ ਰੈੱਡ ਜ਼ੋਨ ਵਿੱਚ ਰੱਖਿਆ ਗਿਆ ਹੈ।

# ਦੀਵਾਲੀ ਪਿੱਛੋਂ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਸਕਦੇ ਹਨ ਨਿਤਿਸ਼

ਪਟਨਾ, 12 ਨਵੰਬਰ (ਪੋਸਟ ਬਿਊਰੋ)- ਬਿਹਾਰ ਵਿੱਚ ਨਿਤਿਸ਼ ਕੁਮਾਰ ਦੀਵਾਲੀ ਤੋਂ ਤੁਰੰਤ ਬਾਅਦ ਮੁੱਖ ਮੰਤਰੀ ਅਹੁਦੇ ਦੀ ਸਹੁੰ ਇੱਕ ਵਾਰ ਫਿਰ ਚੁੱਕ ਸਕਦੇ ਹਨ। ਸੰਭਾਵਨਾ ਹੈ ਕਿ ਉਹ 16 ਤੋਂ 18 ਨਵੰਬਰ ਵਿਚਾਲੇ ਸਹੁੰ ਚੁੱਕਣਗੇ। ਪਿਛਲੀ ਵਾਰ ਉਨ੍ਹਾਂ ਨੇ 20 ਨਵੰਬਰ ਨੂੰ ਸਹੁੰ ਚੁੱਕੀ ਸੀ। ਸੰਭਵ ਹੈ ਕਿ ਇਸ ਵਾਰ ਵੀ ਸਹੁੰ ਚੁੱਕ ਸਮਾਗਮ ਜਨਤਕ ਰੂਪ 'ਚ ਗਾਂਧੀ ਮੈਦਾਨ ਵਿੱਚ ਹੋਵੇਗਾ। ਇਸ ਵਾਰ ਉਨ੍ਹਾਂ ਦੇ ਮੰਤਰੀ ਮੰਡਲ ਵਿੱਚ ਕਈ ਨਵੇਂ ਚਿਹਰੇ ਵੀ ਦਿਖਾਈ ਦੇਣਗੇ।

ਸਿਆਸੀ ਗਲਿਆਰਿਆਂ ਵਿੱਚ ਇਸ ਗੱਲ ਦੀ ਚਰਚਾ ਹੈ ਕਿ ਇਸ ਵਾਰ ਵੀ ਸੁਸ਼ੀਲ ਕੁਮਾਰ ਮੋਦੀ ਹੀ ਉਪ ਮੁੱਖ ਮੰਤਰੀ ਹੋਣਗੇ। ਅਜਿਹਾ ਹੋਇਆ ਤਾਂ ਸਭ ਤੋਂਵੱਧ ਸਮੇਂ ਤੱਕ ਉਪ ਮੁੱਖ ਮੰਤਰੀ ਰਹਿਣ ਦਾ ਰਿਕਾਰਡ ਵੀ ਸੁਸ਼ੀਲ ਮੋਦੀ ਦੇ ਨਾਂਅ ਦਰਜ ਹੋ ਜਾਵੇਗਾ। ਉਹ ਨਿਤਿਸ਼ ਕੁਮਾਰ ਦੀ ਸਰਕਾਰ ਵਿੱਚ ਵਿੱਤ ਮੰਤਰੀ ਦਾ ਕੰਮ ਵੀ ਦੇਖਦੇ ਰਹੇ ਹਨ।ਅਜਿਹੀ ਚਰਚਾ ਹੈ ਕਿ ਨਿਤਿਸ਼ ਮੰਤਰੀ ਮੰਡਲ ਵਿੱਚ ਕਈ ਪੁਰਾਣੇ ਮੰਤਰੀਆਂ ਨੂੰ ਫਿਰ ਮੌਕਾ ਮਿਲ ਸਕਦਾ ਹੈ। ਜਨਤਾ ਦਲ ਯੂ ਕੋਟੇ ਤੋਂਸਾਬਕਾ ਮੰਤਰੀ ਰਹੇ ਕ੍ਰਿਸ਼ਨਨੰਦਨ ਪ੍ਰਸਾਦ ਵਰਮਾ, ਜੈਕੁਮਾਰ ਸਿੰਘ, ਖੁਰਸ਼ੀਦ ਉਰਫ ਫਿਰੋਜ਼, ਰਾਮਸੇਵਕ ਸਿੰਘ, ਲਕਸ਼ਮੇਸ਼ਵਰ ਰਾਏ, ਬ੍ਰਿਜਕਿਸ਼ੋਰ ਬਿੰਦ, ਸੰਤੋਸ਼ ਨਿਰਾਲਾ ਅਤੇ ਸ਼ੈਲੇਸ਼ ਕੁਮਾਰ ਚੋਣ ਹਾਰ ਗਏ ਹਨ।

# ਟਰੂਡੋ ਨੂੰ ਕੋਵਿਡ-19 ਸਬੰਧੀ ਵੈਕਸੀਨ 2021 ਦੇ ਸ਼ੁਰੂ ਵਿੱਚ ਮਿਲਣ ਦੀ ਆਸ

ਓਟਵਾ, 12 ਨਵੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਕੋਵਿਡ-19 ਵੈਕਸੀਨ ਅਗਲੇ ਸਾਲ ਤੱਕ ਕੈਨੇਡਾ ਨੂੰ ਮਿਲ ਜਾਵੇਗੀ। ਪਰ ਇਸ ਦੇ ਨਾਲ ਹੀ ਉਨ੍ਹਾਂ ਇਹ ਚੇਤਾਵਨੀ ਵੀ ਦਿੱਤੀ ਕਿ ਜਿਸ ਤਰ੍ਹਾਂ ਕਈ ਪ੍ਰੋਵਿੰਸਾਂ ਵਿੱਚ ਕਰੋਨਾਵਾਇਰਸ ਦੇ ਮਾਮਲਿਆਂ ਵਿੱਚ ਇਜਾਫਾ ਵੇਖਣ ਨੂੰ ਮਿਲ ਰਿਹਾ ਹੈ ਉਸ ਤੋਂ ਨਹੀਂ ਲੱਗਦਾ ਕਿ ਵੈਕਸੀਨ ਮਿਲਣ ਤੋਂ ਬਾਅਦ ਵੀ ਇਸ ਵਾਇਰਸ ਉੱਤੇ ਫੌਰੀ ਤੌਰ ਉੱਤੇ ਠੱਲ੍ਹ ਪਾਈ ਜਾ ਸਕੇ।

ਟਰੂਡੋ ਨੇ ਆਖਿਆ ਕਿ ਫਾਈਜ਼ਰ ਵੱਲੋਂ ਤਿਆਰ ਵੈਕਸੀਨ ਦੇ ਕਲੀਨਿਕਲ ਟ੍ਰਾਇਲ ਕਾਫੀ ਸਫਲ ਰਹਿਣ ਤੋਂ ਬਾਅਦ ਉਨ੍ਹਾਂ ਨੂੰ ਕਾਫੀ ਹੌਸਲਾ ਮਿ-ਲਆ ਹੈ ਪਰ ਇਸ ਦੌਰਾਨ ਜੇ ਕਿਸੇ ਨੂੰ ਵਾਇਰਸ ਹੁੰਦਾ ਹੈ ਤਾਂ ਉਸ ਦੀ ਮਦਦ ਕਰਨੀ ਔਖੀ ਹੋਵੇਗੀ। ਓਟਵਾ ਵਿੱਚ ਗੱਲ ਕਰਦਿਆਂ ਟਰੂਡੋ ਨੇ ਆਖਿਆ ਕਿ ਹੋਰ ਵੈਕਸੀਨ ਤਿਆਰ ਕਰਨ ਵਾਲੀਆਂ ਕੰਪਨੀਆਂ ਵੱਲੋਂ ਵੀ ਬਿਹਤਰ ਨਤੀਜਿਆਂ ਦੀ ਗੱਲ ਕੀਤੀ ਜਾ ਰਹੀ ਹੈ।

ਉਨ੍ਹਾਂ ਆਖਿਆ ਕਿ ਸਾਡੇ ਵਿਗਿਆਨੀ



ਸਖ਼ਤ ਮਿਹਨਤ ਕਰ ਰਹੇ ਹਨ ਜਿਸ ਕਾਰਨ ਸਾਡੀ ਆਸ ਪੱਕੀ ਹੋਈ ਹੈ। ਪਰ ਸਾਨੂੰ ਆਪਣੇ ਵੱਲੋਂ ਵੀ ਕੋਸ਼ਿਸ਼ ਜਾਰੀ ਰੱਖਣੀ ਹੋਵੇਗੀ। ਸਾਨੂੰ ਮਜ਼ਬੂਤ ਰਹਿੰਦਿਆਂ ਹੋਇਆਂ ਕੁੱਝ ਹੋਰ ਮਹੀਨਿਆਂ ਦਾ ਸਮਾਂ ਕੱਢਣਾ ਹੋਵੇਗਾ ਤੇ ਓਨੇ ਚਿਰ ਨੂੰ ਸਾਨੂੰ ਵੈਕਸੀਨ ਮਿਲ ਹੀ ਜਾਵੇਗੀ। ਜ਼ਿਕਰਯੋਗ ਹੈ ਕਿ ਕੈਨੇਡਾ ਨੇ ਕਈ ਸਪਲਾਇਰਜ਼ ਤੋਂ ਵੈਕਸੀਨ ਦੀਆਂ 300 ਮਿਲੀਅਨ ਡੋਜ਼ਿਜ਼ ਦੇ ਅਧਿਕਾਰ ਖਰੀਦੇ ਹਨ ਤੇ ਫਾਈਜ਼ਰ ਨਾਲ ਵੀ 20 ਮਿਲੀਅਨ ਡੋਜ਼ਿਜ਼ ਦਾ ਕਰਾਰ ਹੋਇਆ ਹੈ।




## ਅੱਜ ਨਾਮਾ

ਭਾਰਤ ਦੇਸ਼ ਦੀ ਵੱਡੀ ਆ ਬੈਂਕ ਕਹਿੰਦੀ,
ਮੰਦੀ ਦੇਸ਼ ਵਿੱਚ ਆਈ ਹੈ ਬੜੀ ਮੀਆਂ।
ਜਿਹੜੀ ਮੰਦੀ ਹੈ ਮੁਲਕ ਦੇ ਵਿੱਚ ਆਈ,
ਆਈ ਅੱਗੇ ਨਾਕਦੀਇਹ ਘੜੀ ਮੀਆਂ।
ਪਹਿਲੀ ਔਖ ਹੀਹਾਲੇ ਨਹੀਂ ਹੱਲ ਹੁੰਦੀ,
ਦੂਸਰੀ ਦਰਾਂ 'ਤੇ ਹੁੰਦੀ ਆ ਖੜੀ ਮੀਆਂ।
ਲੱਗਦਾ ਈ ਇੰਜ ਕਿ ਦੇਸ਼ ਦੇ ਪਈ ਪੱਲੇ,
ਇਕੇਰਾਂ ਮੁਸ਼ਕਲਾਂ ਦੀ ਵੱਡੀ ਝੜੀ ਮੀਆਂ।
ਅਗਲੀ ਬਾਤ ਕਿ ਜਿੱਦਾਂ ਸਰਕਾਰ ਚੱਲਦੀ,
ਜ਼ਰਾ ਵੀ ਲੱਗੇ ਗੰਭੀਰਨਹੀਂ ਚਾਲ ਮੀਆਂ।
ਇਹੀਓ ਚਾਲਾਂ ਜੇ ਚੱਲੀ ਗਈ ਰਾਜਨੀਤੀ,
ਮੰਦੜਾ ਹੋਊ ਫਿਰ ਹਿੰਦ ਦਾ ਹਾਲ ਮੀਆਂ।

**ਤੀਸ ਮਾਰ ਖਾਂ**

# ਆਸਟਰੀਆ ਦੇ ਚਾਂਸਲਰ ਨੇ 'ਰਾਜਨੀਤਕ ਇਸਲਾਮ' ਨੂੰ ਯੂਰਪ ਦੀ ਜੀਵਨ ਸ਼ੈਲੀ ਲਈ ਖ਼ਤਰਨਾਕ ਕਿਹਾ

ਵੀਆਨਾ, 12 ਨਵੰਬਰ, (ਪੋਸਟ ਬਿਊਰੋ)- ਆਸਟਰੀਆ ਦੇ ਚਾਂਸਲਰ ਸੇਬੈਸਟੀਅਨ ਕੁਰਜ਼ ਨੇ ਯੂਰਪੀ ਯੂਨੀਅਨ ਨੂੰ ਇਹਅਪੀਲ ਕੀਤੀ ਹੈ ਕਿ ਵੀਆਨਾ ਅੱਤਵਾਦੀ ਹਮਲੇ ਤੋਂ ਸਬਕ ਲੈਂਦੇ ਹੋਏ ਉਹ 'ਸਹਿਣਸ਼ੀਲਤਾ ਦੇ ਭੁਲੇਖੇ' ਖ਼ਤਮ ਕਰ ਲੈਣ। ਉਨ੍ਹਾਂ ਨੇ ਯੂਰਪੀ ਦੇਸ਼ਾਂ ਨੂੰ ਰਾਜਨੀਤਕ ਇਸਲਾਮ ਦੀ ਸਮੱਸਿਆ ਨਾਲ ਸਿੱਝਣ ਲਈ ਵਧੇਰੇ ਸਖ਼ਤੀ ਨਾਲ ਧਿਆਨ ਕੇਂਦਰਤ ਕਰਨ ਨੂੰ ਕਿਹਾ ਅਤੇ ਚੇਤਾਵਨੀ ਦਿੱਤੀ ਕਿ ਰਾਜਨੀਤਕ ਇਸਲਾਮ ਯੂਰਪ ਦੀ ਜੀਵਨ ਸ਼ੈਲੀ ਲਈ ਵੱਡਾ ਖ਼ਤਰਾ ਬਣ ਗਿਆ ਹੈ, ਇਸ ਦੀ ਵਿਚਾਰਧਾਰਾ ਯੂਰਪ ਦੀ ਆਜ਼ਾਦੀ ਅਤੇ ਕਦਰਾਂ ਕੀਮਤਾਂ ਲਈ 'ਖਤਰਨਾਕ' ਹੈ।

ਇਸ ਬਾਰੇ ਆਸਟਰੀਆ ਦੇ ਚਾਂਸਲਰ ਦੇ ਬੁਲਾਰੇ ਨੇ ਕਿਹਾ ਕਿ ਉਹ ਫਰਾਂਸ ਦੇ ਰਾਸ਼ਟਰਪਤੀ ਨਾਲ ਸੰਪਰਕ ਕਰਕੇ ਅੱਤਵਾਦ ਨਾਲ ਸਾਂਝੇ ਤੌਰ ਉੱਤੇਸਿੱਝਣ ਲਈ ਗੱਲਬਾਤ ਕਰਨਗੇ। ਚਾਂਸਲਰ ਸੇਬੈਸਟੀਅਨਕੁਰਜ਼ ਨੇ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਉਹ ਜਲਦੀ ਸਹਿਣਸ਼ੀਲਤਾ ਦਾ ਭੁਲੇਖਾ ਖ਼ਤਮ ਕਰ ਦੇਣਗੇ। ਉਨ੍ਹਾ ਕਿਹਾ ਕਿ ਮੈਂ ਇਹ ਵੀ ਆਸਕਰਦਾ ਹਾਂ ਕਿ ਯੂਰਪ ਦੇ ਸਾਰੇ ਦੇਸ਼ ਮਹਿਸੂਸ ਕਰਨਗੇ ਕਿ ਰਾਜਨੀਤਿਕ ਇਸਲਾਮ ਦੀ ਵਿਚਾਰਧਾਰਾ ਸਾਡੀ ਆਜ਼ਾਦੀ ਅਤੇ ਯੂਰਪੀ ਜੀਵਨ ਸ਼ੈਲੀ ਲਈ ਕਿੰਨੀ ਖਤਰਨਾਕ ਹੈ।



ਵਰਨਣ ਯੋਗ ਹੈ ਕਿ ਕੁਰਜ਼ ਦਾ ਇਹ ਬਿਆਨ ਓਦੋਂ ਆਇਆ, ਜਦੋਂ ਇਹ ਖੁਲਾਸਾ ਹੋਇਆ ਹੈ ਕਿ ਵੀਆਨਾ ਵਿੱਚ ਹਮਲਾ ਕਰਨ ਵਾਲੇ ਕੁਜ਼ਟੀਮ ਫੇਜਜ਼ੁਲਾਈ ਨੂੰ ਪਹਿਲਾਂ ਅਪ੍ਰੈਲ 2019 ਵਿਚ ਸੀਰੀਆ ਵਿੱਚ ਆਈ ਐੱਸ ਆਈ ਐੱਸਦੇ ਨਾਲ ਸ਼ਾਮਲ ਹੋਣ ਦੀ ਕੋਸ਼ਿਸ਼ ਕਰਨ ਕਰਕੇ ਜੇਲ੍ਹ ਭੇਜਿਆ ਗਿਆ ਸੀ। ਉਸ ਸਮੇਂ ਅੱਤਵਾਦੀ ਨੇ ਦਾਅਵਾ ਕੀਤਾ ਸੀ ਕਿ ਉਸ ਨੂੰ 'ਗਲਤ ਮਸਜਿਦ' ਨੇ ਗੁੰਮਰਾਹ ਕੀਤਾ ਸੀ। ਇਸ ਪਿੱਛੋਂ ਉਸ ਨੇ ਸਲਾਹਕਾਰ ਨਾਲ ਝੂਠਾ ਵਾਅਦਾ ਕੀਤਾ ਕਿ ਉਸ ਨੇ ਆਈ ਐੱਸ ਆਈ ਐੱਸ ਨੂੰ ਛੱਡ ਦਿੱਤਾ ਹੈ। ਆਸਟਰੀਆ ਦੇ ਚਾਂਸਲਰ ਚਾਂਸਲਰ ਸੇਬੈਸਟੀਅਨਕੁਰਜ਼ ਨੇ ਕੁਟੀਮ ਨੂੰ ਇਸ ਕੇਸ ਵਿੱਚ ਛੱਡਣ ਦੇ ਫੈਸਲੇ ਨੂੰ 'ਯਕੀਨਨ' ਗਲਤ ਕਿਹਾ ਹੈ। ਬਾਅਦ ਵਿੱਚ ਏਸੇ ਕੁਜ਼ਟੀਮ ਨੇ ਵੀਆਨਾ ਵਿੱਚ 6 ਥਾਵਾਂ ਉੱਤੇ ਗੋਲੀ ਚਲਾ ਕੇ 4 ਲੋਕਾਂ ਨੂੰ ਮਾਰ ਦਿੱਤਾ ਸੀ।

# ਅਮਰੀਕਾ ਵਿੱਚ ਬੈਲਟ ਪੇਪਰ ਹੱਥਾਂ ਨਾਲ ਦੁਬਾਰਾ ਗਿਣੇ ਜਾਣਗੇ!

ਵਾਸ਼ਿੰਗਟਨ, 12 ਨਵੰਬਰ, (ਪੋਸਟ ਬਿਊਰੋ)- ਅਮਰੀਕਾ ਵਿੱਚਰਾਸ਼ਟਰਪਤੀ ਅਹੁਦੇ ਦੀ ਚੋਣ ਲਈ ਪਈਆਂ ਵੋਟਾਂ ਦੀਗਿਣਤੀ ਜਾਰਜੀਆ ਰਾਜਫਿਰ ਤੋਂਕਰਾਏਗਾ। ਇਸ ਚੋਣ ਵਿੱਚ ਡੈਮੋਕਰੇਟਿਕ ਪਾਰਟੀ ਦੇ ਉਮੀਦਵਾਰ ਜੋਅ ਬਿਡੇਨ ਇਸ ਵਕਤ ਤੱਕ ਆਪਣੇ ਰਿਪਬਲਿਕਨ ਵਿਰੋਧੀ ਅਤੇ ਮੌਜੂਦਾ ਰਾਸ਼ਟਰਪਤੀ ਡੋਨਲਡ ਟਰੰਪ ਤੋਂ 14,000 ਤੋਂ ਵੱਧ ਵੋਟਾਂ ਨਾਲ ਅੱਗੇ ਚੱਲ ਰਹੇ ਹਨ। ਡੋਨ-ਾਲਡ ਟਰੰਪ ਨੇ ਇਸ ਚੋਣ ਵਿੱਚ ਹਾਰ ਨੂੰ ਸਵੀਕਾਰ ਨਹੀਂ ਕੀਤਾ, ਸਗੋਂ ਉਨ੍ਹਾਂਨੇ ਇਸ ਚੋਣ ਵਿੱਚ ਧਾਂਦਲੀ ਅਤੇ ਜਾਅਲੀ ਵੋਟਾਂ ਪਾਏ ਜਾਣ ਦਾ ਦੋਸ਼ ਲਾਇਆ ਹੈ।

ਜਾਰਜੀਆ ਦੇ ਅੰਤਰ-ਰਾਜ ਸਬੰਧਾਂ ਬਾਰੇ ਰਾਜ ਮੰਤਰੀ ਬ੍ਰੈਡ ਰੈਫਨਸਪਾਰਰ, ਜਿਹੜੇ ਖੁਦ ਡੋਨਾਲਡ ਟਰੰਪ ਵਾਲੀ ਰਿਪਬਲੀਕਨ ਪਾਰਟੀ ਦੇ ਹਨ, ਨੇ ਕਿਹਾ ਹੈ ਕਿ ਵੋਟ ਦਾ ਫਰਕ ਘੱਟ ਹੋਣ ਕਾਰਨ ਰਾਜ ਦੀਆਂ ਸਾਰੀਆਂ 159 ਕਾਊਂਟੀਆਂ ਵਿੱਚ ਇੱਕ-ਇੱਕ ਕਰਕੇ ਵੋਟਾਂ ਗਿਣੀਆਂ ਜਾਣਗੀਆਂ। ਉਨ੍ਹਾਂ ਨੇ ਅਟਲਾਂਟਾ ਵਿੱਚ ਪੱਤਰਕਾਰਾਂ ਨੂੰ ਕਿਹਾ, 'ਫਰਕ ਇੰਨਾ ਕੁ ਛੋਟਾ ਸੀ ਕਿ ਇਹ ਜ਼ਰੂਰੀ ਸੀ ਕਿ ਹਰ ਕਾਊਂਟੀ ਵਿੱਚ ਵੋਟਾਂ ਦੀ ਗਿਣਤੀ ਹੱਥ ਨਾਲ ਕੀਤੀ ਜਾਵੇ।' ਉਨ੍ਹਾਂ ਕਿਹਾ ਕਿ ਵੋਟਾਂ ਦੋਬਾਰਾ ਗਿਣਨ ਦਾ ਫੈਸਲਾ ਕੌਮੀ ਪੱਧਰ ਉੱਤੇਇਸ ਰਾਜ ਦੇ ਨਤੀਜਿਆਂ ਦੀ ਮਹੱਤਤਾ ਕਾਰਨ ਲਿਆ ਗਿਆ ਹੈ।

### ਰਿਜ਼ਰਵ ਬੈਂਕ ਦਾ ਖੁਲਾਸਾ

# ਭਾਰਤ ਵਿੱਚ ਇਸ ਵੇਲੇ ਆਰਥਿਕ ਖੇਤਰ ਵਿੱਚ ਇਤਿਹਾਸਕ ਮੰਦੀ



ਨਵੀਂ ਦਿੱਲੀ, 12 ਨਵੰਬਰ, (ਪੋਸਟ ਬਿਊਰੋ)- ਭਾਰਤ ਦੀ ਅਰਥਵਿਵਸਥਾ ਬਾਰੇ ਭਾਰਤੀ ਰਿਜ਼ਰਵ ਬੈਂਕ ਨੇ ਸਪੱਸ਼ਟ ਕਰ ਦਿੱਤਾ ਹੈ ਕਿਇਸ ਵੇਲੇ ਇਤਹਾਸਕ ਮੰਦੀ ਚੱਲ ਰਹੀ ਹੈ। ਕਰੰਸੀ ਨੀਤੀ ਨਾਲ ਸਬੰਧਤ ਕੇਸਾਂ ਦੇ ਇੰਚਾਰਜ ਇਸ ਕੇਂਦਰੀ ਬੈਂਕ ਦੇ ਡਿਪਟੀ ਗਵਰਨਰ ਮਾਈਕਲ ਪਾਤਰਾ ਸਮੇਤ ਅਰਥ ਸ਼ਾਸਤਰੀਆਂ ਦੀ ਟੀਮ ਮੁਤਾਬਕ ਭਾਰਤ ਦੀ ਅਰਥਵਿਵਸਥਾ ਦੂਜੀ ਸਿੱਧੀ ਤਿਮਾਹੀ ਵਿੱਚ ਸੁੰਗੜ ਗਈ ਤੇ ਇਸ ਨੇ ਦੇਸ਼ ਨੂੰ ਇਤਿਹਾਸਕ ਮੰਦੀ ਵੱਲ ਧੱਕ ਦਿੱਤਾ ਹੈ।

ਇਸ ਸੰਬੰਧ ਵਿੱਚ ਭਾਰਤੀ ਰਿਜ਼ਰਵ ਬੈਂਕ ਨੇ ਆਪਣੀ ਪਹਿਲਾਂ ਦੀ ਰਿਪੋਰਟ ਵਿੱਚ ਵਿਖਾਇਆ ਹੈ ਕਿ ਉੱਚ ਡਾਟਾ ਵਾਲੇ ਇੱਕ ਅੰਦਾਜ਼ੇਅਨੁਸਾਰ ਸਤੰਬਰ ਵਿੱਚ ਖ਼ਤਮ ਹੋਈ ਤਿਮਾਹੀ ਦੌਰਾਨਕੁੱਲ ਘਰੇਲੂ ਉਤਪਾਦਨ ਘਟ ਕੇ 8.6 ਫ਼ੀਸਦੀ ਰਹਿ ਗਿਆ ਹੈ। ਅਰਥਵਿਵਸਥਾ ਕੋਰੋਨਾ ਵਾਇਰਸ ਦੇ ਲੌਕਡਾਊਨ ਕਾਰਨ ਅਪ੍ਰੈਲ ਤੋਂ ਜੂਨ ਦੌਰਾਨ ਲਗਪਗ 24 ਫ਼ੀਸਦੀ ਹੇਠਾਂ ਡਿੱਗੀ ਸੀ। ਰਿਜ਼ਰਵ ਬੈਂਕ ਦੀ ਰਿਪੋਰਟ ਦੇ ਲੇਖਕਾਂ ਦੀ ਟੀਮ ਨੇ ਅਕਤੂਬਰ ਦੇ ਲਈ ਆਸ ਦੀ ਕਿਸੇ ਕਿਰਨਲੱਭਣ ਲਈ ਵਾਹਨ ਵਿਕਰੀ ਤੋਂ ਫ਼ਲੱਸ਼ਿੰਗ ਬੈਂਕਿੰਗ ਤਰਲਤਾ ਵਾਲੇ ਸੰਕੇਤਾਂ ਦੀ ਵਰਤੋਂ ਕੀਤੀਹੈ। ਜੇ ਇਹ ਤੇਜ਼ੀ ਕਾਇਮ ਰਹੀ ਤਾਂ ਭਾਰਤੀ ਅਰਥਵਿਵਸਥਾ ਅਕਤੂਬਰ-ਦਸੰਬਰ ਤਿਮਾਹੀ ਵਿੱਚ ਫਿਰ ਵਿਕਾਸ ਦੀ ਲੀਹ ਉੱਤੇ ਮੋੜ ਪਾਵੇਗੀ। ਅਰਥ-ਸ਼ਾਸਤਰੀਆਂ ਵੱਲੋਂ ਕੱਢੇ ਨਤੀਜੇ ਮੁਤਾਬਕ ਭਾਰਤ ਇਸ ਵੇਲੇ ਚੁਣੌਤੀ ਪੂਰਨ ਸਮੇਂ ਵਿੱਚ ਹੈ ਅਤੇ ਬਾਜ਼ਾਰ ਵਿੱਚ ਨਕਦੀ ਦਾ ਪ੍ਰਵਾਹ (ਕੈਸ਼ ਫਲੋਅ) ਖ਼ਤਮ ਹੋਣ ਕਾਰਨ ਲੱਖਾਂ ਲੋਕਾਂ ਦੀਆਂ ਨੌਕਰੀਆਂ ਚਲੀਆਂ ਗਈਆਂ ਹਨ। ਰਿਜ਼ਰਵ ਬੈਂਕ ਨੇ ਪੇਸ਼ ਕੀਤੇ ਆਪਣੇ ਮੁੱਢਲੇ ਅਨੁਮਾਨਾਂ ਵਿੱਚ ਅਪ੍ਰੈਲ-ਜੂਨ ਵਿੱਚ ਘਰੇਲੂ ਵਿੱਤੀ ਬੱਚਤ ਵਿੱਚ ਕੁੱਲ ਘਰੇਲੂ ਉਤਪਾਦ ਦੀ 21.4 ਫ਼ੀਸਦੀ ਵਾਧਾ ਦਰਜ ਕੀਤਾ ਹੈ, ਜੋ ਇੱਕ ਸਾਲ ਪਹਿਲਾਂ ਇਸੇ ਸਮੇਂ ਵਿੱਚ 7.9 ਫ਼ੀਸਦੀ ਸੀ ਤੇ ਬੀਤੇ ਜਨਵਰੀ-ਮਾਰਚ ਵਿੱਚ 10 ਫੀਸਦੀ ਹੁੰਦਾ ਸੀ। ਇਨ੍ਹਾਂ ਬੱਚਤਾਂ ਦਾ ਵੱਡਾ ਹਿੱਸਾ ਬੈਂਕ ਖਾਤੇ ਹੀ ਹਨ।

# ਜਮਾਤ-ਉਦ-ਦਾਅਵਾ ਦੇ ਬੁਲਾਰੇ ਨੂੰ ਅੱਤਵਾਦੀਆਂ ਲਈ ਫੰਡਿੰਗ ਦੇ ਦੋਸ਼ ਵਿੱਚ 32 ਸਾਲ ਦੀ ਸਜ਼ਾ



ਲਾਹੌਰ, 12 ਨਵੰਬਰ, (ਪੋਸਟ ਬਿਊਰੋ)- ਪਾਕਿਸਤਾਨ ਦੀ ਇਕ ਅੱਤਵਾਦ ਵਿਰੋਧੀ ਅਦਾਲਤ ਨੇ ਜਮਾਤ-ਉਦ-ਦਾਅਵਾ (ਜੇ ਯੂ ਡੀ) ਦੇ ਬੁਲਾਰੇ ਨੂੰ ਅੱਤਵਾਦੀਆਂ ਦੀ ਫੰਡਿੰਗ ਦੇ ਕੇਸ ਵਿਚ 32 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਜਮਾਤ-ਉਦ-ਦਾਅਵਾ ਜਥੇਬੰਦੀ ਹੀ ਮੁੰਬਈ ਹਮਲੇ ਦੇ ਮਾਸਟਰ ਮਾਈਂਡ ਹਾਫਿਜ਼ ਸਈਦ ਦਾ ਸੰਗਠਨ ਹੈ।

ਅੱਤਵਾਦ ਵਿਰੋਧੀ ਅਦਾਲਤ (ਏ ਟੀ ਸੀ) ਨੇ ਕੱਲ੍ਹ ਬੁੱਧਵਾਰ ਇੱਥੇ ਹਾਫਿਜ਼ ਸਈਦ ਦੇ ਜੀਜਾ ਅਬਦੁੱਲ ਰਹਿਮਾਨ ਮੱਕੀ ਸਮੇਤ ਜੇ ਯੂ ਡੀ ਦੇ ਤਿੰਨ ਬੰਦਿਆਂ ਨੂੰ ਅੱਤਵਾਦੀਆਂ ਲਈਫੰਡਿੰਗ ਦੇਕੇਸਾਂਦਾ ਦੋਸ਼ੀ ਮੰਨਿਆ।ਅਦਾਲਤ ਦੇ ਇਕ ਅਧਿਕਾਰੀ ਨੇ ਦੱਸਿਆ, 'ਏ ਟੀ ਸੀ ਦੇ ਜੱਜ ਏਜਾਜ਼ ਅਹਿਮਦ ਬੁਤਾਰ ਨੇ ਜੇ ਯੂ ਡੀ ਦੇ ਬੁਲਾਰੇ ਵਾਹਯਾ ਮੁਜਾਹਿਦ ਨੂੰ ਦੋ ਕੇਸਾਂ ਵਿਚ 32 ਸਾਲ ਦੀ ਸਜ਼ਾ ਸੁਣਾਈ ਅਤੇ ਪ੍ਰੋਫੈਸਰ ਜ਼ਫਰ ਇਕਬਾਲ ਅਤੇ ਪ੍ਰੋਫੈਸਰ ਹਾਫਿਜ਼ ਅਬਦੁੱਲ ਰਹਿਮਾਨ ਮੱਕੀ (ਹਾਫਿਜ਼ ਸਈਦ ਦਾ ਜੀਜਾ) ਨੂੰ ਦੋ ਕੇਸਾਂ ਵਿਚ ਕ੍ਰਮਵਾਰ 16 ਅਤੇ ਇਕ ਸਾਲ ਕੈਦ ਦੀ ਸਜ਼ਾ ਸੁਣਾਈ ਹੈ।" ਉਨ੍ਹਾਂ ਕਿਹਾ ਕਿ ਇਸ ਜਥੇਬੰਦੀ ਦੇ ਦੋ ਹੋਰ ਮੈਂਬਰ ਅਬਦੁੱਲ ਸਲਾਮ ਬਿਨ ਮੁਹੰਮਦ ਅਤੇ ਲੁਕਮਾਨਸ਼ਾਹ ਨੂੰ ਅੱਤਵਾਦੀਆਂ ਦੀਫੰਡਿੰਗਦੇ ਹੋਰ ਕੇਸਾਂ ਦਾ ਦੋਸ਼ੀ ਮੰਨਿਆ ਗਿਆ ਹੈ। ਸੁਣਵਾਈ ਵੇਲੇ ਅਬਦੁੱਲ ਰਹਿਮਾਨ ਮੱਕੀ ਸਖਤ ਸੁਰੱਖਿਆ ਦੇ ਵਿਚ ਅਦਾਲਤ ਵਿਚ ਮੌਜੂਦ ਸੀ। ਇਸ ਦੌਰਾਨ ਮੀਡੀਆ ਨੂੰ ਅਦਾਲਤ ਕੰਪਲੈਕਸ ਵਿਚ ਜਾਣ ਦੀ ਆਗਿਆਨਹੀਂ ਸੀ। ਬੀਤੇ ਹਫਤੇ ਏਟੀਸੀ ਲਾਹੌਰ ਨੇ ਪੰਜਾਬ ਪੁਲਿਸ ਦੇ ਕਾਊਂਟਰ ਟੈਰਰਿਜਮ ਡਿਪਾਰਟਮੈਂਟ ਵੱਲੋਂ ਦਰਜ ਕੀਤੇ ਅੱਤਵਾਦੀ ਫੰਡਿੰਗ ਦੇ ਦੋ ਹੋਰਨਾਂਕੇਸਾਂ ਵਿੱਚ ਜੇਯੂਡੀ ਦੇ ਅਬਦੁਲ ਰਹਿਮਾਨ ਮੱਕੀ, ਜਫਰ ਇਕਬਾਲ ਤੇ ਮੁਹੰਮਦ ਅਸ਼ਰਫ ਨੂੰ ਦੋਸ਼ੀ ਮੰਨਿਆ ਸੀ। ਦੋਵਾਂ ਨੂੰ ਅੱਤਵਾਦ ਵਿਰੋਧੀ ਐਕਟ ਦੀਆਂ ਵੱਖ-ਵੱਖ ਧਾਰਾਵਾਂ ਹੇਠ 16 ਸਾਲ ਦੀ ਸਮੂਹਿਕ ਜੇਲ੍ਹ ਦੀ ਸਜ਼ਾ ਦਿੱਤੀ ਗਈ ਹੈ।

# ਨਰਿੰਦਰ ਮੋਦੀ ਸਰਕਾਰ ਨੇ 2.65 ਲੱਖ ਕਰੋੜ ਦੇ ਪੈਕੇਜ ਐਲਾਨੇ

ਨਵੀਂ ਦਿੱਲੀ, 12 ਨਵੰਬਰ, (ਪੋਸਟ ਬਿਊਰੋ)- ਭਾਰਤ ਦੀ ਕੇਂਦਰੀ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਦੀਵਾਲੀ ਤੋਂ ਪਹਿਲਾਂ ਮੀਡੀਆ ਨੂੰ ਸੰਬੋਧਨ ਕਰਦੇ ਹੋਏ ਅੱਜ ਦਾਅਵਾ ਕੀਤਾ ਕਿ ਆਰਥਿਕਤਾ ਵਿੱਚ ਸੁਧਾਰ ਹੋ ਰਿਹਾ ਹੈ।

ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਸਭ ਤੋਂ ਪਹਿਲਾਂ ਆਤਮ ਨਿਰਭਰ ਭਾਰਤ ਯੋਜਨਾ ਹੇਠ ਕੀਤੇ ਐਲਾਨ ਦੇ ਅੱਗੇ ਵਧਣ ਬਾਰੇ ਦੱਸਿਆ ਕਿ ਸਟਾਕ ਮਾਰਕੀਟ ਵਿੱਚ ਲਗਾਤਾਰ ਤੇਜ਼ੀ ਦੇਖੀ ਗਈ ਹੈ। ਉਨ੍ਹਾਂ ਮੁਤਾਬਕ ਬੈਂਕਾਂ ਦੇ ਕਰਜ਼ੇ ਵਿਚ 5.1 ਫੀਸਦੀ ਵਾਧਾ ਹੋਇਆ ਹੈ। ਆਤਮ ਨਿਰਭਰ ਭਾਰਤ 1.0 ਬਾਰੇ ਉਨ੍ਹਾਂ ਕਿਹਾ ਕਿ 28 ਰਾਜ ਤੇ ਕੇਂਦਰੀ ਸ਼ਾਸਤ ਪ੍ਰਦੇਸ਼ 'ਇਕ ਰਾਸ਼ਟਰ, ਇਕ ਰਾਸ਼ਨ ਕਾਰਡ' ਯੋਜਨਾ ਨਾਲ ਜੁੜੇ ਤੇ ਪ੍ਰਧਾਨ ਮੰਤਰੀ ਸਵ-ਨਿਧੀ ਸਕੀਮ ਹੇਠ26.2 ਲੱਖ ਕਰਜ਼ੇ ਦੀਆਂ ਅਰਜ਼ੀਆਂ ਮਿਲੀਆਂ ਹਨ। ਉਨ੍ਹਾਂ ਦੱਸਿਆ ਕਿ ਉਦਯੋਗ ਵਿੱਚ ਘਰੇਲੂ ਉਤਪਾਦਨ ਉਤਸ਼ਾਹਤ ਕਰਨ ਵਾਸਤੇ ਗ੍ਰੀਨ ਐਨਰਜੀ ਜਾਂ ਘਰੇਲੂ ਰੱਖਿਆ ਕੰਪਨੀਆਂ ਨੂੰ ਪੂੰਜੀਗਤ ਖਰਚੇ ਲਈ 10200 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਗਿਆ ਹੈ। ਖਜ਼ਾਨਾ ਮੰਤਰੀ ਨੇ ਕੋਰੋਨਾ ਵਾਇਰਸ ਸੈਕਟਰ ਵਿੱਚ ਖੋਜ ਕਰ ਰਹੀਆਂ ਕੰਪਨੀਆਂ ਨੂੰ ਹੱਲਾਸ਼ੇਰੀ ਲਈ 900 ਕਰੋੜ ਰੁਪਏ ਦਾ ਐਲਾਨ ਕੀਤਾ ਹੈ। ਇਹ ਰਕਮ ਖੋਜੀ ਕੰਪਨੀਆਂ ਨੂੰ ਨਹੀਂ, ਟੀਕਾ ਬਣਾਉਣ ਵਾਲੇ ਨੂੰ ਦਿੱਤੀ ਜਾਵੇਗੀ, ਜਿਸ ਨਾਲ ਬਾਇਓ-ਟੈਕਨਾਲੋਜੀ ਕੰਪਨੀਆਂ ਨੂੰ ਲਾਭ ਹੋਵੇਗਾ। ਖੇਤੀ ਸੈਕਟਰ ਨੂੰ ਰਾਹਤ ਲਈ ਵਿੱਤ ਮੰਤਰੀ ਨੇ ਖਾਦ ਸਬਸਿਡੀ ਦਾ ਐਲਾਨ ਕੀਤਾ ਤੇ ਕਿਹਾ ਕਿ ਖਾਦ ਸਬਸਿਡੀ ਵਜੋਂ ਸਰਕਾਰ 65,000 ਕਰੋੜ ਰੁਪਏ ਦੇਵੇਗੀ, ਜਿਸ ਨਾਲ ਕਿਸਾਨਾਂ ਨੂੰ ਸਸਤੀ ਕੀਮਤ ਉੱਤੇ ਖਾਦ ਮਿਲੇਗੀ। ਹਾਊਸਿੰਗ ਦੇ ਖੇਤਰ ਵਿਚ ਬਿਲਡਰ ਅਤੇ ਖਰੀਦਦਾਰ ਦੋਵਾਂ ਨੂੰ ਲਾਭ ਦੇਣ ਲਈ ਘਰ ਵੇਚਣ ਵੇਲੇ ਸਰਕਲ ਰੇਟ ਅਤੇ ਵੈਲਿਊ ਰੇਟ ਵਿਚ 10 ਫੀਸਦੀ ਦੀ ਛੋਟ ਨੂੰ ਵਧਾ ਕੇ 20 ਫੀਸਦੀ ਕਰ ਦਿੱਤਾ ਗਿਆ ਹੈ। ਜਾਇਦਾਦ ਦੇ ਡਿੱਗਦੇ ਮੁੱਲ ਦੇ ਬਾਵਜੂਦ ਜੇ ਕੋਈ ਬਿਲਡਰ ਆਪਣੇ ਮਕਾਨ ਸਰਕਲ ਰੇਟ ਦੇ ਕਾਰਨ ਨਹੀਂ ਵੇਚ ਸਕਿਆ ਤਾਂ ਇੱਥੇ 20 ਫੀਸਦੀ ਦੀ ਛੋਟ ਦੇ ਦਿੱਤੀ ਹੈ, ਤਾਂ ਜੋ ਘਰ ਵੇਚੇ ਜਾ ਸਕਣ ਅਤੇ ਲੋਕ ਰਜਿਸਟਰੀ ਕਰਵਾ ਸਕਣ। ਇਹ ਯੋਜਨਾ 30 ਜੂਨ 2021 ਤੱਕ ਲਾਗੂ ਰਹੇਗੀ।


### ਸਵੈ-ਨਿਰਭਰ ਭਾਰਤ 3.0



ਭਾਰਤ ਸਰਕਾਰ ਬੁਨਿਆਦੀ ਢਾਂਚੇ ਲਈ ਕਰਜ਼ੇਵਾਸਤੇ 6,000 ਕਰੋੜ ਰੁਪਏ ਦੀ ਮਦਦ ਕਰੇਗੀ। ਇਸ ਦੇ ਨਾਲ ਉਸਾਰੀ ਤੇ ਬੁਨਿਆਦੀ ਢਾਂਚਾ ਖੇਤਰ ਵਿਚ ਜਿਨ੍ਹਾਂ ਕੰਪਨੀਆਂ ਨੂੰ ਪੂੰਜੀ ਤੇ ਬੈਂਕ ਗਾਰੰਟੀ ਦੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਸੀ, ਅੱਗੇ ਤੋਂ ਉਨ੍ਹਾਂ ਨੂੰ ਘੱਟ ਭੁਗਤਾਨ ਕਰਨਾ ਪਏਗਾ। ਸਰਕਾਰ ਨੇ ਇਸ ਨੂੰ ਘਟਾ ਕੇ 3 ਫੀਸਦੀ ਕਰ ਦਿੱਤਾ ਹੈ ਤਾਂ ਜੋ ਉਨ੍ਹਾਂ ਕੋਲ ਕੰਮ ਕਰਨ ਲਈ ਲੋੜੀਂਦਾ ਪੈਸਾ ਹੋਵੇ। ਇਹ ਯੋਜਨਾ 31 ਦਸੰਬਰ 2021 ਤੱਕ ਲਾਗੂ ਰਹੇਗੀ।ਪਿਛਲੇ ਕੁਝ ਮਹੀਨਿਆਂ ਵਿੱਚ ਰੀਅਲ ਅਸਟੇਟ ਸੈਕਟਰ ਲਈ ਵੀ ਕਈ ਕਦਮ ਚੁੱਕੇ ਸਨ। ਅੱਜ ਸਰਕਾਰ ਨੇ 2020-21 ਦੇ ਬਜਟ ਅਨੁਮਾਨ ਤੋਂ ਬਿਨਾ ਪ੍ਰਧਾਨ ਮੰਤਰੀ ਆਵਾਸ ਯੋਜਨਾ (ਸ਼ਹਿਰੀ) ਹੇਠ 18,000 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਹੈ। ਇਸ ਸਾਲ ਦੇ ਸ਼ੁਰੂ ਵਿਚ ਇਸ ਯੋਜਨਾ ਹੇਠ 8,000 ਕਰੋੜ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ। ਸਰਕਾਰ ਦੇ ਇਸ ਐਲਾਨ ਨਾਲ 12 ਲੱਖ ਨਵੇਂ ਮਕਾਨ ਸ਼ੁਰੂ ਕੀਤੇ ਜਾਣਗੇ ਅਤੇ 18 ਲੱਖ ਘਰਾਂ ਨੂੰ ਪੂਰਾ ਕੀਤਾ ਜਾਵੇਗਾ। ਇਸ ਤੋਂ ਬਿਨਾ ਸਰਕਾਰ ਨੂੰ ਆਸ ਹੈ ਕਿ 78 ਲੱਖ ਨਵੀਆਂ ਨੌਕਰੀਆਂ ਨਿਕਲਗੀਆਂ। ਅੱਜ ਰਾਹਤ ਪੈਕੇਜ ਵਿੱਚ ਸਰਕਾਰ ਨੇ 26 ਸੈਕਟਰਾਂ ਲਈ ਇੱਕ ਕ੍ਰੈਡਿਟ ਗਰੰਟੀ ਸਹਾਇਤਾ ਯੋਜਨਾ ਦਾ ਐਲਾਨ ਵੀ ਕੀਤਾ ਹੈ, ਜਿਨ੍ਹਾਂ ਨੇਕੋਵਿਡ-19 ਮਹਾਂਮਾਰੀ ਦਾ ਕਹਿਰ ਸਭਤੋਂ ਵੱਧ ਝੱਲਿਆ ਹੈ।ਸਰਕਾਰ ਨੇ ਐਮਰਜੈਂਸੀ ਕਰੈਡਿਟ ਲਾਈਨ ਗਰੰਟੀ ਯੋਜਨਾ (ਈਸੀਐਲਜੀਐਸ) ਨੂੰ 31 ਮਾਰਚ 2021 ਤੱਕ ਵਧਾ ਦਿੱਤਾ ਹੈ। ਇਹ ਕੇਂਦਰ ਸਰਕਾਰ ਵੱਲੋਂ ਪੂਰੀ ਗਾਰੰਟੀਸ਼ੁਦਾ ਕਰਜ਼ਾ ਸਕੀਮ ਹੈ।

ukttc UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ
ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training
Forklift $79 Recertification




Counterbalance
Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety Our Priority

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

# ਕਾਰੋਬਾਰਾਂ ਲਈ ਰਾਹਤ ਪੈਕੇਜ ਵਿੱਚ ਪਾਰਦਰਸ਼ਤਾ ਦੀ ਘਾਟ ਉਤੇ ਸੈਨੇਟਰਜ਼ ਨੇ ਫਰੀਲੈਂਡ ਨੂੰ ਘੇਰਿਆ

...ਪੰਨਾ 1 ਦਾ ਬਾਕੀ

ਇਸ ਪ੍ਰੋਗਰਾਮ ਵਿੱਚ ਇਹ ਸ਼ਰਤ ਰੱਖੀ ਗਈ ਹੈ ਕਿ ਕਾਰੋਬਾਰੀ ਅਪਲਾਈ ਕਰਨ ਤੋਂ ਪਹਿਲਾਂ ਆਪਣਾ ਕਿਰਾਇਆ ਭਰਨਗੇ, ਇਸ ਨਾਲ ਕੈਸ਼ ਵਿਹੂਣੇ ਹੋ ਚੁੱਕੇ ਕਈ ਸਟੋਰਾਂ ਹੱਥੋਂ ਸਬਸਿਡੀ ਜਾਂਦੀ ਰਹੇਗੀ।

ਇੰਡਸਟਰੀ ਵੱਲੋਂ ਇਸ ਪ੍ਰੋਗਰਾਮ ਦਾ ਵਿਰੋਧ ਕੀਤੇ ਜਾਣ ਤੋਂ ਬਾਅਦ ਫਰੀਲੈਂਡ ਨੇ ਵੀਰਵਾਰ ਨੂੰ ਵਾਅਦਾ ਕੀਤਾ ਕਿ ਅਦਾ ਕੀਤੇ ਜਾਣ ਵਾਲੇ ਕਿਰਾਏ ਦਾ ਖਰਚਾ ਯੋਗ ਹੈ ਇਹ ਯਕੀਨੀ ਬਣਾਏ ਜਾਣ ਲਈ ਇਸਦਾ ਕੋਈ ਅੰਤਰਿਮ ਹੱਲ ਕੱਢਿਆ ਜਾਵੇਗਾ। ਫਰੀਲੈਂਡ ਨੇ ਆਖਿਆ ਕਿ ਇਸ ਸਮੇਂ ਸੈਨੇਟ ਸਾਹਮਣੇ ਜਿਹੜਾ ਬਿੱਲ ਹੈ ਉਸ ਵਿੱਚ ਇਸ ਮੁਲਾਂਕਣ ਦਾ ਕੋਈ ਜ਼ਿਕਰ ਨਹੀਂ ਹੈ ਇਸ ਲਈ ਸੀ-9 ਪਾਸ ਹੋਣ ਤੋਂ ਤੁਰੰਤ ਬਾਅਦ ਸਰਕਾਰ ਆਪਣੇ ਇਸ ਵਾਅਦੇ ਨੂੰ ਪੂਰਾ ਕਰਨ ਲਈ ਤੇਜ਼ੀ ਨਾਲ ਕੰਮ ਕਰੇਗੀ।

# ਕੋਵਿਡ-19 ਦੇ ਮਾਮਲਿਆਂ ਵਿੱਚ ਇਜਾਫੇ ਦੇ ਮੱਦੇਨਜ਼ਰ ਫੋਰਡ ਵੱਲੋਂ ਸਖ਼ਤ ਪਾਬੰਦੀਆਂ ਲਾਉਣ ਦਾ ਸੰਕੇਤ

...ਪੰਨਾ 1 ਦਾ ਬਾਕੀ

ਫੋਰਡ ਨੇ ਆਖਿਆ ਕਿ ਉਹ ਨਵੇਂ ਮਾਡਲਿੰਗ ਡਾਟਾ ਨੂੰ ਲੈ ਕੇ ਸੋਕ ਵਿੱਚ ਹਨ। ਇਸ ਨਵੇਂ ਮਾਡਲਿੰਗ ਡਾਟਾ ਵਿੱਚ ਦਰਸਾਇਆ ਗਿਆ ਹੈ ਕਿ ਯੂਰਪ ਦੇ ਕਈ ਇਲਾਕਿਆਂ ਵਿੱਚ ਵਧੇ ਮਾਮਲਿਆਂ ਤੋਂ ਵੀ ਕਿਤੇ ਜ਼ਿਆਦਾ ਮਾਮਲੇ ਓਨਟਾਰੀਓ ਵਿੱਚ ਵਧਣਗੇ। ਉਨ੍ਹਾਂ ਆਖਿਆ ਕਿ ਸਾਨੂੰ ਲੋਕਾਂ ਦਾ ਸਹਿਯੋਗ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਇਸ ਦੀ ਕੋਈ ਤੁਕ ਨਹੀਂ ਬਣਦੀ ਕਿ ਪ੍ਰੋਵਿੰਸ ਇਸ ਸਮੱਸਿਆ ਨੂੰ ਕੰਟਰੋਲ ਕਰਨ ਲਈ ਕਈ ਬਿਲੀਅਨ ਖਰਚ ਰਹੀ ਹੋਵੇ ਤੇ ਲੋਕ ਪਬਲਿਕ ਹੈਲਥ ਵੱਲੋਂ ਜਾਰੀ ਗਾਈਡਲਾਈਨਜ਼ ਦੀ ਪਾਲਣਾ ਹੀ ਨਾ ਕਰਨ। ਇਹ ਵੱਡੀ ਚਿੰਤਾ ਦਾ ਵਿਸ਼ਾ ਹੈ ਤੇ ਸਾਨੂੰ ਇਸ ਉੱਤੇ ਕਾਬੂ ਪਾਉਣਾ ਹੀ ਹੋਵੇਗਾ।

ਜ਼ਿਕਰਯੋਗ ਹੈ ਕਿ ਇਸ ਨਵੇਂ ਕੋਵਿਡ-19 ਮਾਡਲਿੰਗ ਡਾਟਾ ਵਿੱਚ ਦਰਸਾਇਆ ਗਿਆ ਹੈ ਕਿ ਜੇ ਕਰੋ-ਨਾਵਾਇਰਸ ਦੇ ਮਾਮਲੇ ਰੋਜ਼ਾਨਾ ਤਿੰਨ ਫੀ ਸਦੀ ਦੀ ਦਰ ਨਾਲ ਵੱਧਦੇ ਹਨ ਤਾਂ ਓਨਟਾਰੀਓ ਵਿੱਚ 13 ਦਸੰਬਰ ਤੱਕ ਰੋਜ਼ਾਨਾ 3500 ਮਾਮਲੇ ਦਰਜ ਕੀਤੇ ਜਾਣਗੇ। ਜੇ ਇਨ੍ਹਾਂ ਮਾਮਲਿਆਂ ਵਿੱਚ ਪੰਜ ਫੀ ਸਦੀ ਦੀ ਦਰ ਨਾਲ ਵਾਧਾ ਹੋਵੇਗਾ ਤਾਂ ਓਨਟਾਰੀਓ ਵਿੱਚ ਇਸ ਅਰਸੇ ਤੱਕ ਹੀ ਅਜਿਹੇ ਮਾਮਲੇ ਰੋਜ਼ਾਨਾਂ 6500 ਤੱਕ ਅੱਪੜ ਜਾਣਗੇ। ਇੱਥੇ ਦੱਸਣਾ ਬਣਦਾ ਹੈ ਕਿ ਪਿਛਲੇ 14 ਦਿਨਾਂ ਤੋਂ ਓਨਟਾਰੀਓ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ 3.895 ਫੀ ਸਦੀ ਦੀ ਦਰ ਨਾਲ ਵਾਧਾ ਹੋ ਰਿਹਾ ਹੈ।

# ਹਵਾਈ ਸਫਰ ਲਈ ਜਾਅਲੀ ਕੋਵਿਡ-19 ਨੈਗੇਟਿਵ ਰਿਜ਼ਲਟ ਦੀ ਵਰਤੋਂ ਕਰ ਰਹੇ ਹਨ ਕੁੱਝ ਯਾਤਰੀ

ਟੋਰਾਂਟੋ, 12 ਨਵੰਬਰ (ਪੋਸਟ ਬਿਊਰੋ) : ਹਵਾਈ ਸਫਰ ਕਰਨ ਵਾਲੇ ਯਾਤਰੀਆਂ ਲਈ ਬਹੁਤੇ ਦੇਸ਼ਾਂ ਵੱਲੋਂ ਕੋਵਿਡ-19 ਸਬੰਧੀ ਨੈਗੇਟਿਵ ਟੈਸਟ ਨੂੰ ਲਾਜ਼ਮੀ ਕੀਤਾ ਗਿਆ ਹੈ ਪਰ ਇਹ ਪਤਾ ਲੱਗਿਆ ਹੈ ਕਿ ਕੁੱਝ ਟੂਰਿਸਟ ਹਰ ਹਾਲ ਸਫਰ ਕਰਨ ਲਈ ਜਾਅਲੀ ਟੈਸਟ ਰਿਜ਼ਲਟ ਵੀ ਵਿਖਾ ਕੇ ਆਪਣਾ ਉੱਲੂ ਸਿੱਧਾ ਕਰ ਰਹੇ ਹਨ।



ਪੀਸੀਆਰ ਦੇ ਨੈਗੇਟਿਵ ਟੈਸਟ ਹਾਸਲ ਕਰਨ, ਜੋ ਕਿ ਡਿਪਾਰਚਰ ਸਮੇਂ ਹਾਸਲ ਕਰਨਾ ਔਖਾ ਹੈ, ਦੀ ਥਾਂ ਉੱਤੇ ਕੁੱਝ ਯਾਤਰੀ ਏਅਰਪੋਰਟ ਉੱਤੇ ਜਾਂ ਆਪਣੇ ਟਰੈਵਲ ਏਜੰਟਾਂ ਤੋਂ ਜਾਅਲੀ ਟੈਸਟ ਰਿਜ਼ਲਟ ਹਾਸਲ ਕਰ ਰਹੇ ਹਨ। ਇਸ ਤਰ੍ਹਾਂ ਦੇ ਕਈ ਮਾਮਲੇ ਬ੍ਰਾਜ਼ੀਲ, ਫਰਾਂਸ ਤੇ ਯੂ ਕੇ ਵਿੱਚ ਸਾਹਮਣੇ ਆ ਚੁੱਕੇ ਹਨ। ਅਧਿਕਾਰੀਆਂ ਵੱਲੋਂ ਦਿੱਤੀ ਗਈ ਚੇਤਾਵਲੀ ਅਨੁਸਾਰ ਟਰੈਵਲ ਸਬੰਧੀ ਪਾਬੰਦੀਆਂ ਲਾਗੂ ਹੋਣ ਦੇ ਬਾਵਜੂਦ ਕੁੱਝ ਯਾਤਰੀਆਂ ਵੱਲੋਂ ਅਜਿਹਾ ਕਰਨ ਨਾਲ ਹੋਰ ਪੈਸੈਂਜਰਜ਼ ਦੇ ਵਾਇਰਸ ਦੀ ਚਪੇਟ ਵਿੱਚ ਆਉਣ ਦਾ ਖਤਰਾ ਰਹਿੰਦਾ ਹੈ।

ਜ਼ਿਕਰਯੋਗ ਹੈ ਕਿ ਫਰਾਂਸ ਵਿੱਚ ਪੈਰਿਸ ਦੇ ਚਾਰਲਸ ਡੀ ਗੌਲੇ ਏਅਰਪੋਰਟ ਉੱਤੇ ਸਤੰਬਰ ਵਿੱਚ ਸੱਤ ਵਿਅਕਤੀਆਂ ਦੇ ਇੱਕ ਗਰੁੱਪ ਨੂੰ ਗ੍ਰਿਫਤਾਰ ਕੀਤਾ ਗਿਆ ਜਿਹੜੇ ਕਰੋਨਾਵਾਇਰਸ ਸਬੰਧੀ ਨੈਗੇਟਿਵ ਟੈਸਟ ਰਿਜ਼ਲਟਸ ਸਿੱਧ ਕਰਨ ਦੇ ਇਰਾਦੇ ਨਾਲ ਜਾਅਲੀ ਸਰਟੀਫਿਕੇਟ ਵੇਚ ਰਹੇ ਸਨ। ਫਰਾਂਸ ਤੋਂ ਇਥੋਪੀਆ ਜਾ ਰਹੇ ਇੱਕ ਟਰੈਵਲਰ ਕੋਲ ਜਾਅਲੀ ਸਰਟੀਫਿਕੇਟ ਹੋਣ ਤੋਂ ਬਾਅਦ ਜਾਰੀ ਕੀਤੀ ਗਈ ਜਾਂਚ ਵਿੱਚ ਇਸ ਗਰੁੱਪ ਦਾ ਪਰਦਾਫਾਸ਼ ਹੋਇਆ। ਇਹ ਗਰੁੱਪ ਜਾਅਲੀ ਟੈਸਟ ਰਿਜ਼ਲਟ ਬਦਲੇ ਪ੍ਰਤੀ ਵਿਅਕਤੀ 180 ਅਮਰੀਕੀ ਡਾਲਰ ਤੋਂ 360 ਅਮਰੀਕੀ ਡਾਲਰ ਤੱਕ ਵਸੂਲਦਾ ਸੀ।

ਇਨ੍ਹਾਂ ਸੱਤ ਵਿਅਕਤੀ ਉੱਤੇ ਫਰਾਡ ਤੇ ਧੋਖਾਧੜੀ ਦੇ ਚਾਰਜ ਲਾਏ ਗਏ ਹਨ। ਦੋਸ਼ੀ ਪਾਏ ਜਾਣ ਉੱਤੇ ਉਨ੍ਹਾਂ ਨੂੰ ਪੰਜ ਸਾਲ ਦੀ ਕੈਦ ਤੇ ਵੱਧ ਤੋਂ ਵੱਧ 445,000 ਅਮਰੀਕੀ ਡਾਲਰ ਦਾ ਜੁਰਮਾਨਾ ਹੋ ਸਕਦਾ ਹੈ। ਸਾਊਥ ਅਮਰੀਕਾ ਵਿੱਚ ਵੀ ਅਜਿਹੇ ਮਾਮਲੇ ਸਾਹਮਣੇ ਆਏ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਬਿਹਾਰ ਵਿੱਚ ਚੋਣ ਜਿੱਤਣ ਵਾਲੇ 68 ਫੀਸਦੀ ਵਿਧਾਇਕ ਦਾਗੀ




ਨਵੀਂ ਦਿੱਲੀ, 12 ਨਵੰਬਰ (ਪੋਸਟ ਬਿਊਰੋ)- ਬਿਹਾਰ ਵਿਧਾਨ ਸਭਾ ਚੋਣਾਂ 'ਚ ਜਿੱਤੇ 241 ਵਿੱਚੋਂ 163 (68 ਫੀਸਦੀ) ਵਿਧਾਇਕਾਂ ਖਿਲਾਫ ਅਪਰਾਧਕ ਕੇਸ ਦਰਜ ਹਨ। ਇਨ੍ਹਾਂ ਨੇ ਚੋਣ ਐਫੀਡੇਵਿਟਸ 'ਚ ਇਹ ਜਾਣਕਾਰੀ ਦਿੱਤੀ ਹੈ।

ਇਸ ਬਾਰੇ ਬਿਹਾਰ ਇਲੈਕਸ਼ਨ ਵਾਚ ਅਤੇ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏ ਡੀ ਆਰ) ਦੇ ਮੁਤਾਬਕ ਆਰ ਜੇ ਡੀ ਦੇ ਸਭ ਤੋਂਵੱਧ ਕਰੀਬ 73 ਫੀਸਦੀ ਵਿਧਾਇਕ ਕੇਸਾਂ 'ਚ ਫਸੇ ਹਨ। ਐਫੀਡੇਵਿਟਸਦੇ ਅਧਿਐਨ ਮੁਤਾਬਕ 123 ਵਿਧਾਇਕਾਂ ਖਿਲਾਫ ਹੱਤਿਆ, ਹੱਤਿਆ ਦੀ ਕੋਸ਼ਿਸ਼, ਅਗਵਾ ਅਤੇ ਮਹਿਲਾਵਾਂ ਖਿਲਾਫ ਜੁਰਮਾਂ ਸਮੇਤ ਕਈ ਗੰਭੀਰ ਕੇਸ ਬਕਾਇਆ ਹਨ। 2015 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਗੰਭੀਰ ਕੇਸਾਂ ਵਾਲੇ 142 ਵਿਧਾਇਕ ਚੋਣ ਜਿੱਤੇ ਸਨ। ਚੋਣ ਜਿੱਤੇ 123 ਵਿਧਾਇਕਾਂ ਵਿੱਚੋਂ 19 ਖਿਲਾਫ ਹੱਤਿਆ, 31 ਖਿਲਾਫ ਹੱਤਿਆ ਦੀ ਕੋਸ਼ਿਸ਼ ਅਤੇ ਅੱਠ ਖਿਲਾਫ ਮਹਿਲਾਵਾਂ ਨਾਲ ਜ਼ਿਆਦਤੀਆਂ ਦੇ ਕੇਸ ਦਰਜ ਹਨ। ਤੇਜਸਵੀ ਯਾਦਵ ਦੀ ਅਗਵਾਈ ਹੇਠਲੀ ਪਾਰਟੀ ਰਾਸ਼ਟਰੀ ਜਨਤਾ ਦਲ ਦੇ 74 ਵਿੱਚੋਂ 54 ਵਿਧਾਇਕਾਂ ਖਿਲਾਫ ਅਪਰਾਧਕ ਕੇਸ ਬਕਾਇਆ ਹਨ। ਭਾਜਪਾ ਦੇ 73 ਵਿੱਚੋਂ 47, ਜਨਤਾ ਦਲ (ਯੂ) ਦੇ 43 ਵਿੱਚੋਂ 20, ਕਾਂਗਰਸ ਦੇ 19 ਵਿੱਚੋਂ 16, ਸੀ ਪੀ ਆਈ-ਐਮ ਐਲ ਲਿਬਰੇਸ਼ਨ ਦੇ 12 ਵਿੱਚੋਂ 10 ਅਤੇ ਏ ਆਈ ਐਮ ਆਈ ਐਮ ਦੇ ਸਾਰੇ ਪੰਜ ਵਿਧਾਇਕਾਂ ਖਿਲਾਫ ਅਪਰਾਧਕ ਕੇਸ ਬਕਾਇਆ ਹਨ।

# ਫਿਲਮ ਨਿਰਦੇਸ਼ਕ ਏਕਤਾ ਕਪੂਰ ਉੱਤੇ ਇੰਦੌਰ ਹਾਈ ਕੋਰਟ ਵਿਚ ਕੇਸ ਚੱਲੇਗਾ

*** ਫੌਜਾਂ ਬਾਰੇ ਇਤਰਾਜ਼ ਯੋਗ ਸਮੱਗਰੀ ਵਿਖਾਉਣ ਦਾ ਦੋਸ਼**

ਇੰਦੌਰ, 12 ਨਵੰਬਰ, (ਪੋਸਟ ਬਿਊਰੋ)- ਮਸ਼ਹੂਰ ਫਿਲਮ ਨਿਰਦੇਸ਼ਕ ਏਕਤਾ ਕਪੂਰ ਨੂੰ ਇੰਦੌਰ ਹਾਈ ਕੋਰਟ ਤੋਂ ਝਟਕਾ ਲੱਗਾ ਹੈ। ਇਕ ਵੈੱਬ ਸੀਰੀਜ਼ ਵਿੱਚਫੌਜ ਦੇ ਖਿਲਾਫ ਇਤਰਾਜ਼ਯੋਗ ਸਮੱਗਰੀ ਦਿਖਾਉਂਦੇ ਕਾਰਨ ਉਸਦੇ ਵਿਰੁੱਧ ਕੇਸ ਚਲਾਇਆ ਜਾਵੇਗਾ। ਵਰਨਣ ਯੋਗ ਹੈ ਕਿ ਏਕਤਾ ਕਪੂਰ ਨੇ ਇੱਕ ਵੈੱਬ ਸੀਰੀਜ਼ ਬਣਾਈ ਸੀ, ਜਿਸ ਵਿੱਚ ਉਸ ਉੱਤੇਫੌਜ ਦੇ ਸੰਬੰਧ ਵਿੱਚ ਇਤਰਾਜ਼ਯੋਗ ਤੱਥ ਦਿਖਾਉਣ ਦਾ ਦੋਸ਼ ਲਾਇਆ ਗਿਆ ਸੀ।



ਇਸ ਵੈੱਬ ਸੀਰੀਜ਼ ਦੀ ਪੇਸ਼ਕਾਰੀ ਤੋਂ ਨਾਰਾਜ਼ ਇੱਕ ਵਿਅਕਤੀ ਨੇ ਇੰਦੌਰ ਦੇ ਅੰਨਪੂਰਣਾ ਥਾਣੇ ਨੂੰ ਸ਼ਿਕਾਇਤ ਦੇ ਕੇ ਲੋਕਾਂ ਦੀਆਂ ਭਾਵਨਾਵਾਂ ਭੜਕਾਉਣ ਸਮੇਤ ਹੋਰ ਧਾਰਾਵਾਂ ਹੇਠ ਏਕਤਾ ਕਪੂਰ ਦੇ ਖ਼ਿਲਾਫ਼ ਕੇਸ ਦਾਇਰ ਕੀਤਾ ਸੀ। ਇਸ ਕੇਸ ਲਈ ਏਕਤਾ ਕਪੂਰ ਨੂੰ ਜਾਂਚ ਵਿਚ ਸਹਿਯੋਗ ਕਰਨ ਲਈ ਇੰਦੌਰ ਆਉਣਾ ਪੈਣਾ ਸੀ। ਫਿਲਮ ਸਟਾਰ ਜੀਤੇਂਦਰ ਦੀ ਬੇਟੀ ਏਕਤਾ ਕਪੂਰ ਨੇ ਕੇਸ ਦਰਜ ਹੋਣ ਪਿੱਛੋਂ ਇਸ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਅਤੇ ਉਸ ਦੇ ਵਕੀਲ ਨੇ ਕਿਹਾ ਸੀ ਕਿ ਵੈੱਬ ਸੀਰੀਜ਼ ਵਿਚ ਕੋਈ ਇਤਰਾਜ਼ਯੋਗ ਗੱਲਨਹੀਂ ਅਤੇ ਪੁਲਿਸ ਨੇ ਜਾਂਚ ਕਰਨ ਅਤੇ ਕੇਸ ਸੁਣਨ ਤੋਂ ਬਿਨਾਂ ਕੇਸ ਦਰਜ ਕਰ ਲਿਆ ਸੀ, ਜਿਸ ਨੂੰ ਰੱਦ ਕਰਨਾ ਚਾਹੀਦਾ ਹੈ। ਸ਼ਿਕਾਇਤਕਰਤਾ ਤੇ ਪੁਲਿਸ ਵੱਲੋਂ ਇਹ ਕਿਹਾ ਗਿਆ ਕਿ ਓਟੀਟੀ ਪਲੇਟਫਾਰਮ ਉੱਤੇ ਸੋਧ ਕੀਤੇ ਬਿਨਾਂ ਇਤਰਾਜ਼ ਯੋਗ ਅਤੇ ਅਸ਼ਲੀਲ ਸਮੱਗਰੀ ਵੀ ਪੋਸਟ ਕੀਤੀ ਜਾ ਰਹੀ ਹੈ, ਇਸ ਲਈ ਏਕਤਾ ਕਪੂਰ ਉੱਤੇ ਸਖਤ ਕਾਰਵਾਈ ਹੋਣੀ ਜ਼ਰੂਰੀ ਹੈ।

ਹਾਈ ਕੋਰਟ ਨੇ ਸਾਰੀਆਂ ਧਿਰਾਂ ਦੀ ਸੁਣਵਾਈ ਤੋਂ ਬਾਅਦ ਫੈਸਲਾ ਰਾਖਵਾਂ ਰੱਖ ਲਿਆ ਸੀ। ਬੁੱਧਵਾਰ ਨੂੰ ਜਸਟਿਸ ਸਤੀਸ਼ ਚੰਦਰ ਸ਼ਰਮਾ ਅਤੇ ਜਸਟਿਸ ਸ਼ੈਲੇਂਦਰ ਸ਼ੁਕਲਾ ਦੀ ਬੈਂਚ ਨੇ ਇਸ ਬਾਰੇ ਫੈਸਲਾ ਦਿੱਤਾ ਹੈ। ਐਡੀਸ਼ਨਲ ਐਡਵੋਕੇਟ ਜਨਰਲ ਪੁਸ਼ਪ ਮਿੱਤਰ ਭਾਰਗਵ ਨੇ ਪੁਲਿਸ ਵੱਲੋਂ ਕਿਹਾ ਕਿ ਓਟੀਟੀ ਪਲੇਟਫਾਰਮ ਉੱਤੇ ਇਕ ਵੈੱਬ ਸੀਰੀਜ਼ ਪੇਸ਼ ਹੋਈ ਸੀ, ਜਿਸ ਵਿਚ ਫੌਜ ਨਾਲ ਜੁੜੀਆਂ ਕੁਝ ਇਤਰਾਜ਼ਯੋਗ ਤਸਵੀਰਾਂ ਦਿਖਾਈਆਂ ਸਨ, ਜਿਸ ਦੇ ਬਾਅਦਇੱਕ ਵਿਅਕਤੀ ਨੇ ਅੰਨਾਪੂਰਣਾ ਥਾਣੇ ਨੂੰ ਸ਼ਿਕਾਇਤ ਕੀਤੀ ਤੇ ਇਸ ਉੱਤੇ ਪੁਲਿਸ ਨੇ ਧਾਰਮਿਕ ਭਾਵਨਾਵਾਂ ਤੇ ਰਾਸ਼ਟਰੀ ਹਿੱਤ ਭੜਕਾਉਣ ਦੀਆਂ ਧਾਰਾਵਾਂ ਹੇਠ ਏਕਤਾ ਵਿਰੁੱਧ ਕੇਸ ਦਰਜ ਕੀਤਾ ਸੀ। ਇਸ ਪਿੱਛੋਂ ਏਕਤਾ ਕਪੂਰ ਨੇ ਆਪਣੇ ਵਕੀਲ ਰਾਹੀਂ ਕੇਸ ਰੱਦ ਕਰਨ ਲਈ ਇੰਦੌਰ ਹਾਈ ਕੋਰਟ ਵਿੱਚ ਅਰਜ਼ੀ ਦਿੱਤੀ ਅਤੇ ਆਪਣੇ ਆਪ ਨੂੰ ਬੇਕਸੂਰ ਦੱਸਿਆ ਸੀ। ਹਾਈਕੋਰਟ ਨੇ ਉਨ੍ਹਾਂ ਦੀ ਪਟੀਸ਼ਨ ਰੱਦ ਕਰ ਕੇਪੁਲਿਸ ਨੂੰ ਉਨ੍ਹਾਂ ਵਿਰੁੱਧ ਕਾਰਵਾਈ ਕਰਨ ਦੀ ਖੁੱਲ੍ਹ ਦੇ ਦਿੱਤੀ ਹੈ।

# ਪਟਾਕਿਆਂ ਉਤੇ ਪਾਬੰਦੀ ਦੇ ਹਾਈ ਕੋਰਟ ਦੇ ਫੈਸਲੇ 'ਚ ਸੁਪਰੀਮ ਕੋਰਟ ਵੱਲੋਂ ਦਖਲ ਤੋਂ ਨਾਂਹ

ਨਵੀਂ ਦਿੱਲੀ, 12 ਨਵੰਬਰ (ਪੋਸਟ ਬਿਊਰੋ)- ਕੋਰੋਨਾ ਮਹਾਂਮਾਰੀ ਦੌਰਾਨ ਜ਼ਿੰਦਗੀ ਬਚਾਉਣ ਲਈ ਚੱਲ ਰਹੀ ਜੱਦੋ ਜਹਿਦ ਦੌਰਾਨ ਸੁਪਰੀਮ ਕੋਰਟ ਨੇ ਇਕ ਅਹਿਮ ਫੈਸਲਾ ਦਿੱਤਾ ਹੈ। ਬੰਗਾਲ ਵਿੱਚ ਕਾਲੀ ਪੂਜਾ ਮੌਕੇ ਪਟਾਕਿਆਂ ਦੀ ਵਿਕਰੀ ਅਤੇ ਵਰਤੋਂ 'ਤੇ ਰੋਕ ਲਾਉਣ ਦੇ ਕਲਕੱਤਾ ਹਾਈ ਕੋਰਟ ਦੇ ਫੈਸਲੇ 'ਚ ਦਖਲ ਤੋਂ ਨਾਂਹ ਕਰਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਤਿਉਹਾਰ ਅਹਿਮ ਹਨ, ਪਰ ਜ਼ਿੰਦਗੀ ਦੀ ਸੁਰੱਖਿਆ ਉਸ ਤੋਂ ਵੀ ਜ਼ਿਆਦਾ ਮਹੱਤਵ ਪੂਰਨ ਹੈ।

ਜਸਟਿਸ ਡੀ ਵਾਈ ਚੰਦਰਚੂੜ ਅਤੇ ਜਸਟਿਸ ਇੰਦਰਾ ਬੈਨਰਜੀ ਦੀ ਅਗਵਾਈ ਵਾਲੇ ਛੁੱਟੀਆਂ ਵਿੱਚ ਸੁਣਵਾਈ ਕਰਨ ਵਾਲੇ ਸੁਪਰੀਮ ਕੋਰਟ ਦੇ ਬੈਂਚ ਨੇ ਕਿਹਾ ਕਿ ਭਾਵੇਂ ਤਿਉਹਾਰਾਂ ਦਾ ਮਹੱਤਵ ਹੈ, ਪਰ ਸੰਸਾਰ ਮਹਾਂਮਾਰੀ ਦਰਮਿਆਨ 'ਜ਼ਿੰਦਗੀ ਖੁਦ ਇਸ ਵੇਲੇ ਸੰਕਟ ਵਿੱਚ ਹੈ।' ਹਾਈ ਕੋਰਟ ਨੂੰ ਸਥਾਨਕ ਹਾਲਾਤ ਬਾਰੇ ਵੱਧ ਪਤਾ ਹੈ ਅਤੇ ਉਸ ਨੂੰ ਉਸ ਦਾ ਕੰਮ ਦੇਖਣ ਦੇਣਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਗੌਤਮ ਰਾਏ ਅਤੇ ਬੜਾ ਬਾਜ਼ਾਰ ਪਟਾਕਾ ਡੀਲਰਜ਼ ਐਸੋਸੀਏਸ਼ਨ ਦੀ ਅਪੀਲ 'ਤੇ ਸੁਣਵਾਈ ਕਰਦਿਆਂ ਉਕਤ ਟਿੱਪਣੀ ਕੀਤੀ। ਇਸ ਪਟੀਸ਼ਨ ਜ਼ਰੀਏ ਕਲਕੱਤਾ ਹਾਈ ਕੋਰਟ ਦੇ ਪਿਛਲੇ ਹਫਤੇ ਦੇ ਆਦੇਸ਼ ਨੂੰ ਚੁਣੌਤੀ ਦਿੱਤੀ ਗਈ ਸੀ, ਜਿਸ ਵਿੱਚ ਪ੍ਰਦੂਸ਼ਣ ਰੋਕਣ ਲਈ ਕਾਲੀ ਪੂਜਾ ਅਤੇ ਛੱਠ ਪੂਜਾ ਦੌਰਾਨ ਪਟਾਕਿਆਂ ਦੀ ਵਿਕਰੀ ਤੇ ਵਰਤੋਂ 'ਤੇ ਪਾਬੰਦੀ ਲਾਈ ਗਈ ਹੈ।



ਕਾਲੀ ਪੂਜਾ ਦਾ ਤਿਉਹਾਰ ਸ਼ਨੀਵਾਰ ਨੂੰ ਹੈ। ਅਦਾਲਤ ਨੇ ਕਿਹਾ ਕਿ ਅਸੀਂ ਸਾਰੇ ਇਸ ਵੇਲੇ ਜ਼ਿੰਦਗੀ ਲਈ ਜੂਝ ਰਹੇ ਹਾਂ ਤੇ ਸਾਡੇ ਸਾਰਿਆਂ ਦੇ ਘਰਾਂ ਵਿੱਚ ਬਜ਼ੁਰਗ ਹਨ। ਅਸੀਂ ਇੱਕ ਅਜਿਹੀ ਸਥਿਤੀ ਵਿੱਚ ਹਾਂ ਜਿੱਥੇ ਜ਼ਿੰਦਗੀ ਦੀ ਰਾਖੀ ਜ਼ਿਆਦਾ ਮਹੱਤਵ ਪੂਰਨ ਹੈ ਤੇ ਹਾਈ ਕੋਰਟ ਜਾਣਦੀ ਹੈ ਕਿ ਜ਼ਮੀਨੀ ਪੱਧਰ 'ਤੇ ਕੀ ਜ਼ਰੂਰੀ ਹੈ। ਬੈਂਚ ਨੇ ਅੱਗੇ ਕਿਹਾ ਕਿ ਹਾਈ ਕਰੋਟ ਦਾ ਫੈਸਲਾ ਬਜ਼ੁਰਗ ਨਾਗਰਿਕਾਂ ਦੇ ਹਿੱਤ ਵਿੱਚ ਹੈ, ਖਾਸ ਕਰ ਕੇ ਅਜਿਹੇ ਬਜ਼ੁਰਗਾਂ ਲਈ ਜੋ ਪਹਿਲਾਂ ਹੀ ਕਿਸੇ ਗੰਭੀਰ ਰੋਗ ਦਾ ਸ਼ਿਕਾਰ ਹਨ।

ਰਾਜਸਥਾਨ, ਕਰਨਾਟਕ, ਹਰਿਆਣਾ ਅਤੇ ਦਿੱਲੀ ਸਮੇਤ ਕਈ ਸੂਬਿਆਂ ਨੇ ਕੋਰੋਨਾ ਦੌਰਾਨ ਲੋਕਾਂ ਦੀ ਸਿਹਤ ਦਾ ਖਿਆਲ ਰੱਖਦਿਆਂ ਤਿਉਹਾਰਾਂ ਵੇਲੇ ਪਟਾਕਿਆਂ 'ਤੇ ਪਾਬੰਦੀ ਲਾਈ ਹੈ। ਹਰਿਆਣਾ ਤੇ ਕਰਨਾਟਕ ਵਰਗੇ ਸੂਬਿਆਂ ਨੇ ਪੂਰੀ ਤਰ੍ਹਾਂ ਪਾਬੰਦੀ ਲਾਉਣ ਤੋਂ ਬਾਅਦ ਹੁਕਮ ਵਿੱਚ ਤਬਦੀਲੀ ਕਰਦਿਆਂ ਤਿਉਹਾਰਾਂ ਦੇ ਦਿਨ ਦੋ ਘੰਟੇ ਪਟਾਕੇ ਚਲਾਉਣ ਦੀ ਮਨਜ਼ੂਰੀ ਦਿੱਤੀ ਹੈ।

# ਭਾਰਤ ਤੇ ਚੀਨ ਸਰਹੱਦੀ ਤਣਾਅ ਖ਼ਤਮ ਕਰਨ ਲਈ ਸਹਿਮਤ

ਨਵੀਂ ਦਿੱਲੀ, 12 ਨਵੰਬਰ (ਪੋਸਟ ਬਿਊਰੋ)- ਭਾਰਤ ਤੇ ਚੀਨ ਪੂਰਬੀ ਲੱਦਾਖ 'ਚ ਬੀਤੇ 6 ਮਹੀਨਿਆਂ ਤੋਂ ਜਾਰੀ ਤਣਾਅ ਨੂੰ ਸੁਲਝਾਉਣ ਲਈ ਸਮਝੌਤੇ 'ਤੇ ਪੁੱਜਣ ਵਾਲੇ ਹਨ। ਅਧਿਕਾਰਤ ਸੂਤਰਾਂ ਅਨੁਸਾਰ ਦੋਵੇਂ ਧਿਰਾਂ ਤਿੰਨ ਪੜਾਵਾਂ ਹੇਠ ਸਮਾਂ-ਬੱਧ ਤਰੀਕੇ ਨਾਲ ਸਾਰੇ ਮੁੱਖ ਵਿਵਾਦਾਂ ਵਾਲੇ ਮੋਰਚਿਆਂ ਤੋਂ ਸੈਨਿਕਾਂ ਨੂੰ ਪਿੱਛੇ ਹਟਾਉਣ ਤੇ ਹਥਿਆਰਾਂ ਨੂੰ ਵਾਪਸ ਲਿਜਾਣ ਲਈ ਵਿਆਪਕ ਤੌਰ 'ਤੇ ਸਹਿਮਤ ਹੋ ਗਈਆਂ ਹਨ।



ਇਸ ਸੋਚ ਦੇ ਵਿਆਪਕ ਪ੍ਰਸੰਗ 'ਚ ਸਮਝੌਤੇ 'ਤੇ ਦਸਤਖਤ ਕਰਨ ਦੇ ਇੱਕ ਦਿਨ ਦੇ ਅੰਦਰ ਅੰਦਰ ਬਖ਼ਤਰਬੰਦ ਦਸਤਿਆਂ ਦੇ ਵਾਹਨਾਂ ਨੂੰ ਹਟਾਉਣਾ, ਪੂਰਬੀ ਲੱਦਾਖ 'ਚ ਪੈਂਗੌਂਗ ਝੀਲ ਦੇ ਉਤਰੀ ਤੇ ਦੱਖਣੀ ਕਿਨਾਰਿਆਂ ਦੇ ਖ਼ਾਸ ਖੇਤਰਾਂ ਤੋਂ ਸੈਨਿਕਾਂ ਦੀ ਵਾਪਸੀ ਅਤੇ ਦੋਵੇਂ ਧਿਰਾਂ ਵੱਲੋਂ ਵਾਪਸੀ ਦੇ ਅਮਲ ਦੀ ਤਸਦੀਕ ਕਰਨਾ ਸ਼ਾਮਿਲ ਹੈ। ਅਸਲ ਕੰਟਰੋਲ ਰੇਖਾ 'ਤੇ ਭਾਰਤੀ ਪਾਸੇ 6 ਨਵੰਬਰ ਨੂੰ ਚੁਸ਼ੁਲ ਵਿਖੇ ਭਾਰਤ ਤੇ ਚੀਨ ਫ਼ੌਜਾਂ ਵਿਚਕਾਰ ਹੋਈ 8ਵੇਂ ਗੇੜ ਦੀ ਉਚ ਪੱਧਰੀ ਸੈਨਿਕ ਗੱਲਬਾਤ ਦੌਰਾਨ ਸੈਨਿਕਾਂ ਦੀ ਵਾਪਸੀ ਅਤੇ ਐਲ ਏ ਸੀ ਉੱਤੇ ਅਪ੍ਰੈਲ ਦੀ ਤਾਇਨਾਤੀ ਵਾਲੀ ਸਥਿਤੀ ਬਹਾਲ ਕਰਨ ਲਈ ਵਿਸ਼ੇਸ਼ ਤਜਵੀਜ਼ਾਂ ਨੂੰ ਅੰਤਿਮ ਰੂਪ ਦਿੱਤਾ ਗਿਆ। ਜਾਣਕਾਰ ਸੂਤਰਾਂ ਅਨੁਸਾਰ ਦੋਵਾਂ ਦੇਸ਼ਾਂ ਦੀਆਂ ਫ਼ੌਜਾਂ ਦੇ ਕੋਰ ਕਮਾਂਡਰ ਪੱਧਰ ਦੀ ਅਗਲੇ ਦੌਰ ਦੀ ਗੱਲਬਾਤ 'ਚ ਸਮਝੌਤੇ 'ਤੇ ਮੋਹਰ ਲੱਗ ਸਕਦੀ ਹੈ,ਕਿਉਂਕਿ ਦੋਵਾਂ ਧਿਰਾਂ ਵੱਲੋਂ ਤਜਵੀਜ਼ਾਂ 'ਤੇ ਸਹਿਮਤੀ ਪ੍ਰਗਟ ਕਰ ਦਿੱਤੀ ਗਈ ਹੈ। 9ਵੇਂ ਗੇੜ ਦੀ ਸੈਨਿਕ ਗੱਲਬਾਤ ਅਗਲੇ ਕੁਝ ਦਿਨਾਂ ਵਿੱਚ ਹੋਣ ਦੀ ਸੰਭਾਵਨਾ ਹੈ।

ਵਰਨਣ ਯੋਗ ਹੈ ਕਿ ਪੂਰਬੀ ਲੱਦਾਖ 'ਚ ਇਸ ਸਮੇਂ 50 ਹਜ਼ਾਰ ਭਾਰਤੀ ਸੈਨਿਕ ਹਨ। ਉਧਰ ਚੀਨ ਨੇ ਵੀ ਏਨੇ ਹੀ ਸੈਨਿਕਾਂ ਦੀ ਤਾਇਨਾਤੀ ਕੀਤੀ ਹੈ। ਪਹਿਲੇ ਪੜਾਅ ਹੇਠ ਦੋਵੇਂ ਧਿਰਾਂ ਸਮਝੌਤੇ 'ਤੇ ਦਸਤਖਤ ਹੋਣ ਦੇ ਤਿੰਨ ਦਿਨਾਂ ਅੰਦਰ ਵਿਵਾਦਿਤ ਮੋਰਚਿਆਂ ਤੋਂ ਆਪਣੇ ਟੈਂਕ, ਤੋਪਾਂ, ਬਖਤਰਬੰਦ ਵਾਹਨ ਤੇ ਵੱਡੇ ਉਪਕਰਨ ਹਟਾਉਣਗੀਆਂ। ਦੂਸਰੇ ਪੜਾਅ ਹੇਠ ਚੀਨੀ ਸੈਨਿਕ ਪੈਂਗੌਂਗ ਝੀਲ ਦੇ ਉਤਰੀ ਕਿਨਾਰੇ ਦੇ ਫਿੰਗਰ 4 ਦੀ ਆਪਣੀ ਮੌਜੂਦਾ ਸਥਿਤੀ ਤੋਂ ਫਿੰਗਰ 8 'ਚ ਵਾਪਸ ਚਲੇ ਜਾਣਗੇ ਅਤੇ ਭਾਰਤੀ ਸੈਨਿਕ ਧਨ ਸਿੰਘ ਥਾਪਾ ਚੌਕੀ ਕੋਲ ਪੁਜੀਸ਼ਨ ਸੰਭਾਲਣਗੇ। ਮੋਟੇ ਤੌਰ 'ਤੇ ਤਿੰਨ ਦਿਨਾਂ 'ਚ ਹਰ ਦਿਨ ਲੱਗਭਗ 30 ਫ਼ੀਸਦੀ ਸੈਨਿਕਾਂ ਦੀ ਵਾਪਸੀ 'ਤੇ ਸਹਿਮਤੀ ਬਣੀ ਹੈ। ਤੀਸਰੇ ਪੜਾਅ ਹੇਠ ਪੈਂਗੌਂਗ ਝੀਲ ਦੇ ਦੱਖਣੀ ਕਿਨਾ-ਰਿਆਂ ਰੇਜ਼ਾਂਗ ਲਾ, ਮੁਖਪਾਰੀ ਤੇ ਮਾਗਰ ਪਹਾੜੀ ਤੋਂ ਵਾਪਸੀ ਪ੍ਰਕਿਰਿਆ ਨੂੰ ਮੁਕੰਮਲ ਕਰਨ 'ਤੇ ਸਹਿਮਤੀ ਬਣੀ ਹੈ। ਬੀਤੀ 29 ਤੇ 30 ਅਗਸਤ ਦੀ ਰਾਤ ਨੂੰ ਚੀਨੀ ਸੈਨਿਕਾਂ ਵੱਲੋਂ ਭਾਰਤੀ ਸੈਨਿਕਾਂ ਨੂੰ ਡਰਾਉਣ ਦੀ ਕੋਸ਼ਿਸ਼ ਕਰਨ ਤੋਂ ਬਾਅਦ ਭਾਰਤੀ ਸੈਨਿਕਾਂ ਨੇ ਮੁਖਪਾਰੀ, ਰੇਂਜ਼ਾਂਗ ਲਾ ਅਤੇ ਮਾਗਰ ਪਹਾੜੀ ਉਪਰ ਰਣਨੀਤਕ ਤੌਰ 'ਤੇ ਅਹਿਮ ਇਲਾਕਿਆਂ 'ਤੇ ਕਬਜ਼ਾ ਕੀਤਾ ਹੈ।

ਇੱਕ ਉਚ ਪੱਧਰੀ ਸੂਤਰ ਨੇ ਦੱਸਿਆ ਕਿ ਇਹ ਸਭ ਤਜਵੀਜ਼ਾਂ ਹਨ। ਅਜੇ ਸਮਝੌਤੇ 'ਤੇ ਦਸਤਖ਼ਤ ਨਹੀਂ ਹੋਏ। ਵਾਪਸੀ ਅਮਲ ਦੇ ਆਖਰੀ ਪੜਾਅ 'ਚ ਦੋਵੇਂ ਧਿਰਾਂ ਇੱਕ ਵਿਸਥਾਰਤ ਤਸਦੀਕ ਪ੍ਰਕਿਰਿਆ ਉੱਤੇ ਅਮਲ ਦੇ ਲਈ ਸਹਿਮਤ ਹਨ, ਜਿਸ ਤੋਂ ਬਾਅਦ ਆਮ ਗਸ਼ਤ ਸ਼ੁਰੂ ਹੋਣ ਦੀ ਉਮੀਦ ਹੈ। ਇਹ ਵੀ ਪਤਾ ਲੱਗਾ ਹੈ ਕਿ ਸੈਨਾ ਦੇ ਉਚ ਅਧਿਕਾਰੀਆਂ ਨੇ ਉਕਤ ਤਜਵੀਜ਼ਾਂ 'ਤੇ ਵਿਚਾਰ ਵਟਾਂਦਰਾ ਕੀਤਾ ਹੈ। ਫਿੰਗਰ ਇਲਾਕਿਆਂ 'ਚੋਂ ਸੈਨਿਕਾਂ ਦੀ ਵਾਪਸੀ ਦੀ ਤਜਵੀਜ਼ ਦਾ ਅਰਥ ਹੋਵੇਗਾ ਕਿ ਜਦ ਤਕ ਤਣਾਅ ਦਾ ਕੋਈ ਹੱਲ ਨਹੀਂ ਹੁੰਦਾ ਤਦ ਤੱਕ ਫਿੰਗਰ 4 ਤੇ 8 ਇਲਾਕਿਆਂ ਦੇ ਵਿਚਕਾਰ ਕੋਈ ਗਸ਼ਤ ਨਹੀਂ ਹੋਵੇਗੀ। ਭਾਰਤ ਫਿੰਗਰ 8 ਤੱਕ ਗਸ਼ਤ ਕਰਦਾ ਸੀ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਫਰੀ ਪਿਕਅਪ
Best Rates For Lessons
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ
*ਵਧੀਆ ਘੰਟੇ
*15.50 ਡਾਲਰ ਪ੍ਰਤੀ ਘੰਟਾ ਰੇਟ
Locahon Kipling & Queensway (Etobicoke)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
416-816-1695

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ੧ਓ ਸਤਿਗੁਰ ਪ੍ਰਸਾਦਿ॥

# ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ।


ਕਰਨੈਲ ਸਿੰਘ

ਰਾਜਾ ਦਸ਼ਰਥ ਅਤੇ ਰਾਣੀ ਕੁੱਸ਼ਲਿਆ ਦੋਵੇਂ ਚੱੜ੍ਹਦੀ ਅਵੱਸਥਾ ਵਿਚ ਅਯੁਧਿਆ ਪੁਰੀ ਵਿਚ ਰਾਜ ਮਹਿਲਾਂ ਵਿਚ ਅਨੰਦ ਪੂਰਵਕ ਵੱਸ ਰਹੇ ਹਨ। ਜਿਸ ਵੇਲੇ ਉਹਨਾਂ ਨੂੰ ਪਤਾ ਚਲਿਆ ਕੇ ਸਾਡੇ ਘਰ ਵਿਚ ਬਾਲਕ ਨੇ ਜਨਮ ਲੈਣਾ ਹੈ। ਉਸ ਵੇਲੇ ਦੋਵੇਂ ਰਾਜਾ ਰਾਣੀਂ ਆਪਸ ਵਿਚ ਸਲਾਹਾਂ ਕਰਦੇ ਹਨ, ਅਗਰ ਸਾਡੇ ਘਰ ਪੁਤ੍ਰ ਹੋਵੇ, ਤਾਂ ਉਸਦਾ ਨਾਮ ਕੀ ਰਖੀਏ, ਰਾਜੇ ਦਸ਼ਰਥ ਨੇ ਰਾਣੀ ਕੁੱਸ਼ਲਿਆ ਨੂੰ ਕਿਹਾ=ਰਾਮਚੰਦ=ਨਾਮ ਰਖਾਂਗੇ।ਜਿਸ ਵੇਲੇ ਰਾਮ ਚੰਦ ਮੂਹੰ ਚੋਂ ਨਿਕਲਿਆ, ਭਾਈ ਗੁਰਦਾਸ ਜੀ ਲਿਖਦੇ ਹਨ। ਤਿਨ ਹੱਤਿਆ ਦਾ ਪਾਪ ਲੱਥ ਗਿਆ।ਤਿਨ ਹਤਿਆ ਕਿਹੜੀਆਂ ਹਨ, ਸਰਵਣ ਨੂੰ ਕਿਸੇ ਪੱਸੂ ਜਾਂ ਰੋਜ਼, ਮ੍ਰਿਗ ਸਮਝਕੇ ਭਲੇਖੇ ਨਾਲ ਤੀਰ ਮਾਰਿਆ, ਸਰਵਣ ਮਰ ਗਿਆ ਸਕਾ ਭਾਣਜਾ=ਹਤਿਆ ਲੱਗ ਗਈ। ਉਸ ਦੇ ਅੰਨ੍ਹੇ ਮਾਤਾ ਪਿਤਾ ਪੁਤ੍ਰ ਦੇ ਵਿਜੋਗ ਵਿਚ ਮਰ ਗਏ। ਦੋ ਹਤਿਆ ਇਹ ਹੋ ਗਈਆਂ।ਤਿਨ ਹੱਤਿਆ ਦਾ ਵੱਡਾ ਘੋਰ ਪਾਪ ਲੱਗਿਆ ਸੀ।ਰਾਮ ਚੰਦ ਤੋਂ ਭਾਵ ਰਾਮ ਕਹਿਨ ਦੇ ਨਾਲ ਤਿਨੇਂ ਹਤਿਆ ਦਾ ਪਾਪ ਖੱਤਮ ਹੋ ਗਿਆ।

ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ॥ ਟੋਡੀ ਨਾਮ ਦੇਵ {ਪੰਨਾ ੭੧੮}

ਅਰਥ: ਭਗਤ ਨਾਮ ਦੇਵ ਜੀ ਕਥਨ ਕਰਦੇ ਹਨ, ਜਿਨ੍ਹਾਂ ਨੇ ਸ਼ਰਧਾ ਸਹਿਤ ਰਾਮ ਦਾ ਨਾਮ ਲਿਆ ਕਿਸ ਦਾ ਕਲੰਕ ਰਿਹਾ ਹੈ। ਭਾਵ ਕਿਸੇ ਦਾ ਕਲੰਕ ਲੱਗਿਆ ਨਹੀਂ ਰਹਿੰਦਾ। ਨੋਟ :- ਨਾਮ ਦੇਵ ਜੀ ਕਬੀਰ ਜੀ ਆਦਿਕ ਭਗਤਾਂ ਨੇ ਰਾਮ ਚੰਦ੍ਰ ਦੀ ਹੀ ਅਰਾਧਨਾ ਕੀਤੀ ਹੈ।

ਤਥਾ:- ਜਪਿ ਮਨ ਰਾਮ ਨਾਮ ਨਿਸਤਾਰਾ॥ ਕੋਟ ਕੋਟੰਤਰ ਕੇ ਪਾਪ ਸਭਿ ਖੋਵੈ ਹਰਿ ਭਵਜਲੁ ਪਾਰਿ ਉਤਾਰਾ॥ ਬੈਰਾੜੀ ਮ: ੪ ॥{ਪੰਨਾ ੭੨੦}

ਆਓ ਭਾਈ ਸਾਹਿਬ ਭਾਈ ਗੁਰਦਾਸ ਜੀ ਨੂੰ ਸੁਣੀਐ।

੧ . ਰੰਗ ਮਹਲ ਰੰਗ ਰਾਗ ਵਿਚਿ ਦਸਰਥੁਕਉਸਲਿਆ ਰਲਿਆਲੇ

੨ . ਮਤਾ ਮਤਾਇਨਿ ਆਪ ਵਿਚਿ ਚਾਇ ਚਈਲੇ ਖਰੇ ਸੁਖਾਲੇ।

੩ . ਘਰਿ ਅਸਾੜੈ ਪੁਤੁ ਹੋਇ ਨਾਉ ਕਿ ਧਰੀਐ ਬਾਲਕ ਬਾਲੇ।

੪. ਰਾਮ ਚੰਦੁ ਨਾਉ ਲੈਦਿਆਂ ਤਿੰਨਿ ਹਤਿਆ ਤੇ ਹੋਇ ਨਿਰਾਲੇ।

੫. ਰਾਮ ਰਾਜ ਪਰਵਾਣ ਜਗੁ ਸਤਿ ਸੰਤੋਖ ਧਰਮ ਬਹਾਲੇ।

੬. ਮਾਇਆ ਵਿਚਿ ਉਦਾਸ ਹੋਇ ਸੁਣੈ ਪੁਰਾਣੁ ਬਸਿਸਟੁ ਬਹਾਲੇ।

੭. ਰਾਮਾਇਣੁ ਵਰਤਾਇਆ ਸਿਲਾ ਤਰੀ ਪਗ ਛੁਹਿ ਤਤਕਾਲੇ।

੮. ਸਾਧ ਸੰਗਤਿ ਪਗ ਧੂੜਿ ਨਿਹਾਲੇ।

ਵਾਰ ੨੩ ਪਉੜੀ ੮

ਆਖਰ ਨੂੰ ਕੇਕਈ ਮਾਤਾ ਦੀ ਈਰਖਾ ਕਰਕੇ ਰਾਜੇ ਦਸਰਥ ਨੂੰ ਸਖਾ ਕੇ ਰਾਮ ਚੰਦ੍ਰ ਜੀ ਨੂੰ 14 ਸਾਲ ਬਨਵਾਸ ਨੂੰ ਭੇਜ ਦਿੱਤਾ ਸੀ।

ਸੀਤਾ ਜੀ ਵੀ ਪਤੀ ਦੇਵ ਜੀ ਦੇ ਸਾਥ ਬਨਵਾਸ ਵਿਚ ਗਈ, ਅਤੇ ਲੱਖਮਣ ਛੋਟਾ ਭਰਾ ਵੀ ਰਾਮ ਜੀ ਦੇ ਦਰਸ਼ਨਾਂ ਤੋਂ ਬਿਨਾਂ ਰਹਿ ਨਹੀਂ ਸਕਦਾ ਨਾਲ ਹੀ ਰਿਹਾ ਜੰਗਲ ਬੀਆਬਾਨ ਵਿਚ, ਤ੍ਰੇਤੇ ਜੁਗ ਦਾ ਸਮਾਂ ਸੀ ਅਤੇ ਪ੍ਰਮੇਸਰ ਦੇ ਵੀਹਵੇਂ ਅਵਤਾਰ ਸੀ।ਰਾਵਣ ਸੀਤਾ ਨੂੰ ਚਰਾਕੇ ਲੈ ਗਿਆ ਸੀ।ਰਾਮ ਚੰਦ੍ਰ ਜੀ ਨੇ ਬਾਂਦਰਾਂ ਦੀ ਸੈਨਾ ਤਿਆਰ ਕੀਤੀ, ਹਨੂੰਮਾਨ ਜੀ ਸੰਮੁੰਦ੍ਰ ਦੇ ਉਤੇ ਤੈਰਾਕੇ ਸ੍ਰੀ ਲੰਕਾ ਵਿਚ ਸੀਤਾ ਮਾਤਾ ਜੀ ਨੂੰ ਮਿਲੇ, ਸੁਖ ਸਾਂਦ ਪੁਛੀ ਅਤੇ ਰਾਮ ਚੰਦ੍ਰ ਜੀ ਅਤੇ ਲਖਮਣ ਦੀ ਰਾਜ਼ੀ ਖੁਸ਼ੀ ਦੱਸੀ, ਸੀਤਾ ਜੀ ਤੋਂ ਇਕ ਮੁੰਦਰੀ ਨਸ਼ਾਨੀ ਵਜੋਂ ਲਿਆਕੇ ਦਿਤੀ। ਸੰਮੁਦਰ ਉਤੇ ਪੱਥਰਾਂ ਦਾ ਪੁਲ ਬਣਾਕੇ ਸ੍ਰੀ ਲੰਕਾ ਨੂੰ ਜਾਣ ਦੀ ਤਿਆਰੀ ਕੀਤੀ।

ਰਾਮਕਲੀ ਮ: ੧ ਸਿੱਧ ਗੋਸ਼ਟ {ਪੰਨਾ ੯੪੨}

ਗੁਰਮੁਖਿ ਬਾਂਧਿਓ ਸੇਤੁ ਬਿਧਾਤੈ॥ ਲੰਕਾ ਲੂਟੀ ਦੈਂਤ ਸੰਤਾਪੈ॥

ਅਰਥ: ਗੁਰਮੁਖਿ = ਤੋਂ ਭਾਵ ਪੂਰਾ ਗੁਰੂ ਵਸ਼ਿਸ਼ਟ, ਰਾਮਚੰਦ੍ਰ ਜੀ ਦੇ ਗੁਰੂ ਹਨ। ਵਸ਼ਿਸ਼ਟ ਗੁਰੂ ਦੇਵ ਜੀ ਪਾਸ ਰਾਮ ਜੀ ਨੇਂ ਬੇਨਤੀ ਕੀਤੀ ਗੁਰਦੇਵ ਜੀ ਸੀਤਾ ਜੀ ਸ੍ਰੀ ਲੰਕਾ ਵਿਚ ਹੈ, ਸੈਨਾ ਲੰਘਉਣੀ ਹੈ। ਕੋਈ ਵਿਧੀ ਦਸੋ, ਵਸ਼ਿਸ਼ਟ ਗੁਰੂ ਜੀ ਨੇਂ ਦੋ ਪੇਪਰ ਦਿਤੇ ਇਕ ਤੇ ਰਕਾਰ ਲਿਖ ਦਿਤਾ ਦੂਜੇ ਪੇਪਰ ਤੇ ਮਕਾਰ ਲਿਖ ਦਿਤਾ।ਕਿਹਾ ਇਹਨਾਂ ਦੇ ਉਤੇ ਪੱਥਰ ਪਾਣੀ ਵਿਚ ਰੱਖ ਦੇਈਂ ਇਹ ਅੱਗੇ ਚਲਣਗੇ, ਪਾਣੀ ਤੇ ਤੈਰ ਕੇ ਪਿਛੇ ਪਿਛੇ ਹੋਰ ਪੱਥਰ ਛੱਡੀ ਜਾਈਂ। ਓਸੇ ਤਰ੍ਹਾਂ ਪਾਣੀ ਤੇ ਪੱਥਰ ਤੈਰ ਕੇ ਸਮੁੰਦ੍ਰ ਉਤੇ ਤਕਰੀਬਨ 30 ਕਿਲੋਮੀਟਰ ਲੰਬਾ ਪੁਲੱ ਬੱਝ ਗਿਆ। ਰਾਮ ਚੰਦ੍ਰ ਜੀ ਪ੍ਰਭੂ ਦੇ ਅਵਤਾਰ ਅਤੇ ਛੋਟਾ ਭਰਾ ਲਕਸ਼ਮਣ ਜੱਤੀ ਪੁਰਸ਼, ਸ਼ਹਿਤ ਬਾਂਦਰਾਂ ਦੀ ਸੈਨਾ ਦੇ ਨਾਲ ਲੰਕਾ ਵਿਚ ਦਾਖਲ ਹੋਏ।ਰਾਵਣ ਪਾਸ ਆਪਣਾ ਦੂਤ ਭੇਜਿਆ ਕੇ ਰਾਮ ਚੰਦ੍ਰ ਭਗਵਾਨ ਆਏ ਹਨ, ਜੰਗ ਲਈ ਤਿਆਰ ਹੋ ਜਾ। ਗੁਰੂ ਨਾਨਕ ਦੇਵ ਇਸ ਘੋਰ ਯੁੱਧ ਦੇ ਸੰਬੰਧ ਵਿਚ ਲਿਖਦੇ ਹਨ।

ਗੁਰਮੁਖਿ ਬਾਂਧਿਓ ਸੇਤੁ ਬਿਧਾਤੇ॥ ਲੰਕਾ ਲੂਟੀ ਦੈਂਤ ਸੰਤਾਪੈ॥

ਅਰਥ: ਲੰਕਾ ਲੂਟੀ ਅਤੇ ਦੈਂਤਾਂ ਨੂੰ ਸੰਤਾਪ ਡੰਡ ਦਿੱਤਾ ਫੌਜਾਂ ਮਾਰੀਆਂ। ਬਿਧਾਤੇ ਤੋਂ ਭਾਵ ਰਾਮ ਚੰਦ੍ਰ ਜੀ। ਗੁਰਮੁਖ = ਗੁਰੂ ਵਸ਼ਿਸ਼ਟ ਮੁਨੀਂ ਜੀ। ਰਾਮ ਚੰਦਿ ਮਾਰਿਓ ਅਹਿ ਰਾਵਣੁ॥ ਭੇਦੁ ਬਭੀਖਣ ਗੁਰਮੁਖਿ ਪਰਚਾਇਣੁ॥

ਅਰਥ: ਰਾਮ ਚੰਦ੍ਰ ਜੀ ਨੇਂ ਫੌਜਾਂ ਨੂੰ ਮਾਰਕੇ ਫੇਰ ਰਾਵਣ ਨੂੰ ਜੰਗੇ ਮਦਾਨ ਵਿਚ ਮਾਰਿਆ। ਗੁਰਮੁਖਿ = ਰਾਵਣ ਦਾ ਭਰਾ ਰਾਮਚੰਦ੍ਰ ਨਾਲ ਰਲ ਗਿਆ ਸੀ, ਰਾਮ ਚੰਦ੍ਰ ਜੀ ਨੇਂ 101 ਸਿਰ ਵੱਢੇ ਸੀ ਰਾਵਣ ਦੇ ਉਹ ਸਿਰ ਫੇਰ ਲੱਗ ਜਾਂਦੇ ਸੀ। ਬਭੀਖਣ ਨੇਂ ਕਿਹਾ ਮਹਾਰਾਜ ਇਸ ਤਰ੍ਹਾਂ ਇਹ ਨਹੀਂ ਮਰੇਗਾ।ਇਸ ਦੇ ਨਾਭੀ ਵਿਚ ਅੰਮ੍ਰਿਤ ਦਾ ਕੁੰਡ ਹੈ।ਰਾਮ ਜੀ ਨੇਂ ਨਾਭੀ ਵਿਚ ਅੱਗਨ ਬਾਣ ਮਾਰਿਆ ਸੀ। ਤਾਂ ਰਾਵਣ ਮਰਿਆ ਸੀ। ਗੁਰੂ ਜੀ ਲਿਖਦੇ ਹਨ, ਕੇ ਭੇਦ ਰਾਵਣ ਦੇ ਭਰਾ ਬਭੀਸ਼ਨ ਨੇ



ਦਿਤਾ ਸੀ।

ਗੁਰਮੁਖਿ ਸਾਇਰਿ ਪਾਹਣ ਤਾਰੇ ਗੁਰਮੁਖਿ ਕੋਟਿ ਤੇਤੀਸ ਉਧਾਰੇ ॥ {ਪੰਨਾ ੯੪੨ }

ਅਰਥ: ਗੁਰਮੁਖਿ=ਵਸ਼ਿਸ਼ਟ ਗੁਰੂ ਦੀ ਕ੍ਰਿਪਾ ਕਰਕੇ ਸਮੁੰਦ੍ਰ ਤੇ ਪਥਰ ਤਾਰੇ ਤੇਤੀ ਕ੍ਰੋੜ ਜਿਹੜੇ ਦੇਵਤੇ ਬੰਦੀ ਖਾਨੇ ਵਿਚ ਰਖੇ ਸੀ ਰਾਵਣ ਨੇਂ, ਸਾਰਿਆਂ ਨੂੰ ਉਧਾਰੇ॥ ਬੰਦ ਖਲਾਸੀ ਕਰਾ ਦਿਤੀ, ਆਜ਼ਾਦ ਹੋ ਗਏ। ਦੇਵਤਿਆਂ ਨੇ ਰਾਮ ਜੀ ਦੀ ਜੈ ਜੈ ਕਾਰ ਕੀਤੀ, ਕੇ ਹੇ ਪ੍ਰਭੂ ਆਪ ਜੀ ਨੇ ਕ੍ਰਿਪਾ ਕੀਤੀ ਹੈ।

ਆਸਾ ਕਬੀਰ ਜੀਉ॥ {ਪੰਨਾ ੪੮੧}

ਇਕ ਲਖ ਪੂਤ ਸਵਾ ਲਖੁ ਨਾਤੀ॥ ਤਿਹ ਰਾਵਨ ਘਰ ਦੀਆ ਨ ਬਾਤੀ॥੨॥

ਅਰਥ: ਰਾਵਣ ਦੇ ਘਰ ਵਿਚ ਇਕ ਲੱਖ ਪੁੱਤਰ, ਸਵਾ ਲੱਖ ਨਾਤੀ=ਪੋਤਰਾ ਸੀ। ਪਰ ਹੰਕਾਰ ਦੇ ਕਾਰਣ ਕਰਕੇ ਸਾਰੀ ਬੰਸੁ ਹੀ ਮਾਰੀ ਗਈ , ਦੀਵੇ ਗੁਲ ਹੋ ਗਏ। ਅਸ਼ੋਕ ਬਾਗ ਵਿਚੋਂ ਸੀਤਾ ਜੀ ਨੂੰ ਲੈ ਕੇ ਆਏ । ਰਾਵਣ ਦੇ ਛੋਟੇ ਭਰਾ ਵਿਭੀਸ਼ਣ ਨੂੰ ਰਾਜ ਗੱਦੀ ਤੇ ਬਿਠਾ ਕੇ ਅਯੁਧਿਆ ਨਗਰੀ ਵਿਚ ਆਏ।

ਉਸ ਸਮੇਂ ਤਕ 14 ਸਾਲ ਦਾ ਬਨਵਾਸ ਵੀ ਪੂਰਾ ਹੋ ਗਿਆ ਸ੍ਰੀ ਰ੍ਰਾਮ ਚੰਦ੍ਰ ਜੀ ਲਖਮਣ ਜੀ ਅਤੇ ਸੀਤਾ ਮਾਤਾ ਦਾ ਆਗਮ ਸੁਣਕੇ ਰਾਜ ਘਰਾਣੇ ਵਿਚ ਤਾਂ ਖੁਸ਼ੀਆਂ ਅਤੇ ਦੀਪ ਮਾਲਾ ਹੋਈ ਹੀ ਸੀ। ਸਾਰੇ ਅਯੁਧਿਆ ਵਾਸੀਆਂ ਨੈਂ ਦੀਵੇ ਜਗਾਏ ਅਤੇ ਇਕ ਦੂਜੇ ਨੂੰ ਜਾਂ ਗਰੀਬਾਂ ਨੂੰ ਮਿਠਾਈਆਂ ਵੰਡੀਆਂ। ਸਾਰੀ ਅਯੁੱਧਿਆ ਨਗਰੀ ਦੀਪ ਮਾਲਾ ਨਾਲ ਜਗ ਮਗਾ ਉਠੀ। ਦੀਪ ਵਾਲੀ ਤੋਂ ਇਸ ਦਾ ਨਾਮ ਦੀਵਾਲੀ ਪੈ ਗਿਆ। ਜੋ ਤ੍ਰੇਤੇ ਯੁਗ ਤੋਂ ਲੈ ਕੇ ਹਰ ਸਾਲ ਸਾਰੇ ਇੰਡੀਆ ਵਿਚ ਮਨਾਈ ਜਾਂਦੀ ਹੈ। {ਭੱਟਾਂ ਨੇ ਗੁਰੂ ਰਾਮ ਦਾਸ ਜੀ ਦੀ ਸਿਫਤ ਕਰਨ ਸਮੇਂ ਕਿਹਾ ਹੈ, ਆਪ ਜੀ ਪ੍ਰਭੂ ਸਰੂਪ ਹੋ, ਆਪ ਤ੍ਰੇਤੇ ਜੁਗ ਵਿੱਚ ਰਾਮਚੰਦ੍ਰ ਰੂਪ ਲੈ ਕੇ ਆਏ ਸੀ। ਸਵਈਏ ਮਹਲੇ ਚੌਥੇ ਕੇ॥ {ਪੰਨਾ ੧੪੦੨}

ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾਕੀ ਸਰਣੰ॥੨॥ ਸਤਿਗੁਰੁ ਗੁਰੁ ਸੇਵ ਅਲਖ ਗਤਿ ਜਾ ਕੀ ਸ੍ਰੀ ਰਾਮਦਾਸ ਤਾਰਣ ਤਰਣੰ॥

ਅਰਥ: ਭੱਟ ਗੁਰੂ ਰਾਮ ਦਾਸ ਜੀ ਨੂੰ ਬੇਨਤੀ ਕਰਦੇ ਹਨ: ਜਿਸ ਸਮੇਂ ਆਪ ਜੀ ਰਘੁਬੰਸ ਵਿਚ ਬੜੇ ਹੀ ਸੋਹਣੇ ਸੁੰਦਰ ਸਰੂਪ ਵਾਲੇ ਹੋ ਕੇ=ਦਸਰਥ ਘਰਿ=ਦਸਰਥ ਰਾਜੇ ਦੇ ਘਰ ਵਿਚ ਆਏ ਸੀ, ਬੜੇ ਬੜੇ ਰਿਸ਼ੀ ਮੁਨੀ ਆਪ ਜੀ ਦੇ ਦਰਸ਼ਨਾਂ ਨੂੰ ਬੰਸਹਿ =ਚਾਹੁੰਦੇ ਸੀ। ਅਤੇ ਆਪ ਜੀ ਦੇ ਚਰਨਾਂ ਦੀ ਧੂੜ ਪ੍ਰਾਪਤ ਕਰਕੇ ਆਪਣਾ ਜਨਮ ਸਫਲਾ ਚਾਹੁੰਦੇ ਸਨ। ਸ੍ਰੀ ਗੁਰੂ ਰਾਮ ਦਾਸ ਜੀ ਦੀ ਗਤੀ ਅਲਖ ਹੈ ਜਾਨਣ ਤੋਂ ਰਹਿਤ ਹੈ, ਸ੍ਰੀ ਗੁਰੂ ਰਾਮ ਦਾਸ ਜੀ ਕਲਜੁਗੀ ਜੀਵਾਂ ਨੂੰਤਾਰਣ ਨੂੰ ਜਹਾਜ਼ ਰੂਪ ਹਨ॥2॥

ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥ ਸਵਈਏ ਮਹਲੇ ਚੌਥੇਕੇ॥ {ਪੰਨਾ ੧੪੦੩}

ਅਰਥ: ਹੇ ਗੁਰੂ ਰਾਮ ਦਾਸ ਜੀ :- ਆਪ ਸੱਚ ਸਰੂਪ ਹੋ ਭਾਵ ਪ੍ਰਮੇਸਰ ਸਰੂਪ ਹੋ, ਸ੍ਰੀ ਨਿਵਾਸ = ਤੋਂ ਭਾਵ ਹੈ ਲਛਮੀ ਆਪ ਜੀ ਦੇ ਚਰਨਾਂ ਵਿਚ ਨਿਵਾਸ ਰਖਦੀ ਹੈ। ਆਪ ਸਦਾ ਰਹਿਣ ਵਾਲੇ ਪ੍ਰਮਾਤਮਾਂ ਸਰੂਪ ਹੋ ਸਮੇਂ ਸਮੇਂ ਧਰਮ ਦੀ ਪਾਲਣਾ ਕਰਨ ਲਈ ਸਰਗੁਣ ਸਰੂਪ ਮਨੁੱਖਾ ਦੇਹੀ ਧਾਰਨ ਕਰਦੇ ਹੋ। ਆਪ ਸਤਿ ਜੁਗ, ਤ੍ਰੇਤਾ ਦੁਆਪੁਰ, ਕਲਯੁਗ, ਚਾਰਾਂ ਜੁਗਾਂ ਵਿਚ ਵਾਹਿਗੁਰੂ ਵਾਹਿ = ਅਸਚਰਜ ਹੋ ਅਗਿਆਨ ਰੂਪ , ਗੁ=ਹਨੇਰੇ ਦਾ ਨਾਸ ਕਰਕੇ ਗਿਆਨ , ਰੂ=ਪ੍ਰਕਾਸ਼ ਕਰਦੇ ਹੋ।ਹੇ ਗੁਰੂ ਰਾਮ ਦਾਸ ਜੀ ਆਪ ਧੰਨ ਹੋ ਆਪ ਜੀ ਦੀ ਲੀਲਾ ਲਖੀ ਨਹੀਂ ਜਾਂਦੀ।

ਬੇਨਤੀ ਹੈ ਸਾਧ ਸੰਗਤ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤੀ ਕਰ ਰਹੇ ਹਨ ਭੱਟ।

ਸਵਈਏ ਮਹਲੇ ਪਹਿਲੇ ਕੇ ॥ {ਪੰਨਾ ੧੩੯੦}

ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥ ਤ੍ਰੇਤੈ ਤੈ ਮਾਣਿਓ ਰਾਮੁ ਰਘਵੰਸੁ ਕਹਾਇਓ॥

ਅਰਥ: ਹੇ ਸਤਿਗੁਰੂ ਨਾਨਕ ਦੇਵ ਜੀ ਆਪ ਜੀ ਨੇਂ ਸਤਜੁਗ ਵਿਚ ਬਾਵਨ ਅਵਤਾਰ ਧਾਰਕੇ ਰਾਜੇ ਬਲ ਨੂੰ ਛਲਿਆ ਸੀ। ਤ੍ਰੇਤੇ ਜੁਗ ਵਿਚ ਆਪ ਜੀ ਨੇਂ ਰਘੁਵੰਸੁ=ਕੁਲ ਵਿਚ ਰਾਮ ਚੰਦ੍ਰ ਰੂਪ ਧਾਰਨ ਕੀਤਾ, ਰਾਵਣ ਦੇ ਮਾਰਨ ਲਈ ਆਏ ਸੀ।

ਦੁਆਪੁਰਿ ਕ੍ਰਿਸ਼ਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥ ਉਘਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥

ਅਰਥ:- ਗੁਰੂ ਨਾਨਕ ਨੈਂ ਹੀ ਪਾਪੀ ਰਾਜੇ ਕੰਸ਼ ਨੂੰ ਕ੍ਰਿਸ਼ਨ ਰੂਪ ਹੋ ਕੇ ਮਾਰਿਆ ਅਤੇ ਕਿਰਤਾਰਥ=ਕਲਿਆਣ ਕੀਤੀ ਕੰਸ ਦੀ। ਮੱਥਰਾ ਦਾ ਰਾਜ ਉਗ੍ਰਸੈਣ ਜੀ ਨੂੰ ਦਿਤਾ। ਕਲਿਜੁਗਿ ਪ੍ਰਮਾਣੁ ਨਾਨਾਕ ਗੁਰੁ ਅੰਗਦੁ ਅਮਰੁਕਹਾਇਓ॥

ਸਤਿਗੁਰੂ ਨਾਨਕ ਦੇਵ ਜੀ:- ਪਿਛਲਿਆਂ ਜੁਗਾਂ ਵਾਂਗ ਪ੍ਰਮਾਣ =ਪਰਤੱਖ ਕਲਜੁਗ ਵਿਚ ਆਪ ਜੀ = ਗੁਰੂ ਨਾਨਕ , ਗੁਰੂ ਅੰਗਦ ਅਤੇ ਗੁਰੂ ਅਮਰਦਾਸ ਨਾਮੁ ਕਹਾਏ ਹੋ।ਹੁਣ ਆਪਾਂ ਤੁਹਾਡੀ ਹੋਰ ਤਸੱਲੀਬਖਸ਼ ਲਈ ਪੰਚਮ ਪਿਤਾ ਜੀ ਨੂੰ ਪੁਛਦੇ ਹਾਂ।

ਸ੍ਰੀ ਰਾਮ ਚੰਦ੍ਰ ਜਿਸੁ ਰੂਪੁ ਨ ਰੇਖਿਆ॥ ਬਨਵਾਲੀ ਚਕ੍ਰਪਾਨਿ ਦਰਸਿ ਅਨੂਪਿਆ॥

ਸਹਸ ਨੇਤ੍ਰ ਮੂਰਤਿ ਹੈ ਸਹਸਾ ਇਕੁ ਦਾਤਾ ਸਭ ਹੈ ਮੰਗਾ॥੪॥ ਮਾਰੂ ਮਹਲਾ ੫ {ਪੰਨਾ ੧੦੮੨}

ਅਰਥ: ਜਿਸ ਪਰਮਾਤਮਾਂ ਦਾ ਕੋਈ ਰੂਪ ਰੇਖਾ ਨਹੀਂ ਹੈ। ਉਹ ਆਪ ਹੀ ਰਾਮ ਚੰਦ੍ਰ ਰੂਪ ਹੋ ਕੇ ਆਇਆ। ਬਨਵਾਲੀ=ਸੰਸਾਰ ਰੂਪੀ ਬਨ ਦਾ ਵਾਲੀ =ਮਾਲਕ, ਬਾਗ ਦਾ ਮਾਲੀ, ਸੁਦਰਸ਼ਨ ਚੱਕਰ ਨੂੰ ਧਾਰਨ ਕਰਕੇ, ਚਕ੍ਰਪਾਣ ਨਾਮ ਪੈਗਿਆ ਪ੍ਰਮਾਤਮਾ ਦਾ। ਵੈਰਾਟ ਰੂਪ ਹੋਣ ਕਰਕੇ ਉਸ ਦੇ ਹਜ਼ਾਰਾਂ ਨੇਤਰ ਹਨ, ਹਜ਼ਾਰਾਂ ਮੂਰਤੀਆਂ ਹਨ, ਪਰਮੇਸ਼ਰ ਇਕ ਦਾਤਾ ਹੈ।

ਬਾਕੀ ਸਭ ਚੌਰਾਸੀ ਲੱਖ ਜੂਨਾਂ ਉਸ ਦੇ ਅਗੇ ਹਥ ਪਸਾਰ ਕੇ ਮੰਗਦੇ ਹਨ।

ਨੋਟ: ਕਈ ਗੁਰਮੁਖ ਪਿਆਰੇ ਸੰਕਾ ਕਰਨਗੇ ਕੇ ਭੱਟਾਂ ਦੀ ਬਾਣੀ ਹੈ। ਤੁਹਾਡੀ ਤਸੱਲੀ ਲਈ ਮਾਰੂ ਮਹਲਾ ੫॥ {ਪੰਨਾ ੧੦੮੨} ਤੇ ਰਾਮ ਚੰਦ੍ਰ ਜੀ ਦੀ ਸਿਫਤ ਗੁਰੂ ਅਰਜਨ ਦੇਵ ਜੀ ਨੇਂ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਅੰਦਰ ਬਹੁਤ ਪ੍ਰਮਾਣ ਹਨ। ਜੋ ਇਕੋ ਜੋਤ ਲਿਖਦੇ ਹਨ, ਨਰਸਿੰਘ ਅਵਤਾਰ, ਰਾਮ ਚੰਦ੍ਰ ਜੀ, ਬਾਵਨ ਅਵਤਾਰ, ਕ੍ਰਿਸ਼ਨ ਭਗਵਾਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਤਕ ਅੱਗੇ ਨਿਹ ਕਲੰਕ ਆਏਗਾ। ਕਲਜੁਗ ਦੇ ਸਮੇਂ ਵਿਚ ਜਿਸ ਵੇਲੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗੁਆਲੀਅਰ ਦੇ ਕਿਲੇ ਵਿਚ 52 ਰਾਜਿਆਂ ਨੂੰ ਰਿਹਾ ਕਰਾਕੇ ਆਏ ਸਨ, ਉਸ ਦਿਨ ਤੋਂ ਇਹਨਾਂ ਦਾ ਨਾਮੁ=ਬੰਦੀ ਛੋਡ ਪੈ ਗਿਆ। ਅਤੇ ਮਜ਼ਲੋ ਮਜ਼ਲੀ ਅੰਮ੍ਰਿਤਸਰ ਪਹੁੰਚੇ ਤਾਂ ਸਾਰੀ ਗੁਰੂ ਕੀ ਨਗਰੀ ਵਾਲਿਆਂ ਨੇਂ ਖੁਸ਼ੀਆਂ ਮਨਾਈਆਂ ਅਤੇ ਬਾਬਾ ਬੁਢਾ ਜੀ ਨੇਂ ਦਰਬਾਰ ਸਾਹਿਬ ਅਤੇ ਸਰੋਵਰ ਦੀਆਂ ਪ੍ਰਕਮਾਂ ਵਿਚ ਦੀਪ ਮਾਲਾ ਕੀਤੀ ਸੀ। ਉਸ ਦਿਨ ਤੋਂ ਸਿਖ ਸੰਗਤਾਂ ਵਿਚ ਇਹ ਦੀਵਾਲੀ ਪ੍ਰਮੇਸਵਰ ਸਰੂਪ ਬੰਦੀ ਛੋਡ ਦੇ ਨਾਮ ਨਾਲ ਪ੍ਰਸਿੱਧ ਹੋਈ। ਸਿਖ ਜਗਤ ਨੂੰ ਅਤੇ ਸਾਰੇ ਭਾਰਤ ਵਾਸੀਆਂ ਨੂੰ ਦਾਸ=ਕੀਟ ਵਲੋਂ ਦੀਵਾਲੀ ਮੁਬਾਰਕ ਹੋਵੇ ਜੀ।

ਦਾਸ=ਹੋਈਆਂ ਭੁਲਾਂ ਦੀ ਮਾਫੀ ਚਾਉਂਦਾ ਹਾਂ ਜੀ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਆਓ ਦੀਵਾਲੀ ਦੇ ਦੀਵੇ ਕੋਵਿਡ -19 ਦੇ ਹਨੇਰੇ ਨੂੰ ਭਜਾਉਣ ਲਈ ਬਾਲੀਏ



-ਸੁਰਜੀਤ ਸਿੰਘ ਫਲੋਰਾ-

ਦੀਵਾਲੀ ਇੱਕ ਪਵਿੱਤਰ ਤਿਉਹਾਰ ਹੈ ਜੋ ਧਾਰਮਿਕ ਪੱਖ ਦੇ ਨਾਲ ਹੀ ਇਹ ਸਮਾਜਿਕ ਪੱਖ ਤੋਂ ਵੀ ਬਹੁਤ ਮਹੱਤਵਪੁਰਨ ਤਿਉਹਾਰ ਹੈ। ਭਾਰਤ ਵੱਖ-ਵੱਖ ਜਾਤਾਂ - ਪਾਤਾਂ ਅਤੇ ਧਰਮਾਂ ਦਾ ਦੇਸ਼ ਹੈ ਅਤੇ ਹਰ ਧਰਮ ਦੇ ਆਪੋ - ਆਪਣੇ ਰੀਤੀ ਰਿਵਾਜ਼ ਅਤੇ ਤਿਉਹਾਰ ਹਨ। ਇਸੇ ਲਈ ਭਾਰਤ ਨੂੰ ਤਿਉਹਾਰਾਂ ਦਾ ਦੇਸ਼ ਵੀ ਕਿਹਾ ਜਾਂਦਾ ਹੈ। ਅੱਜ ਜਿਸ ਤਿਉਹਾਰ ਦੀ ਅਸੀਂ ਗੱਲ ਕਰ ਰਹੇ ਹਾਂ ਉਹ ਹੈ ਰੌਸ਼ਨੀਆਂ ਦਾ ਤਿਉਹਾਰ ਹੈ, ਬਦੀ 'ਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਹੈ, ਹਨੇਰੇ 'ਚ ਰੋਸ਼ਨੀ ਦਾ ਅਤੇ ਗਿਆਨ ਦਾ ਪ੍ਰਤੀਕ ਹੈ , ਆਪਣੇ ਚੌਗਿਰਦੇ ਨੂੰ ਸਾਫ ਸੁਥਰਾ ਰੱਖਣ ਦਾ ਪ੍ਰਤੀਕ ਹੈ। ਜੀ ਹਾਂ ਅਸੀਂ ਗੱਲ ਕਰ ਰਹੇ ਹਾਂ ਦੀਵਾਲੀ ਦੇ ਪਵਿੱਤਰ ਤਿਉਹਾਰ ਦੀ ਜਿਸ ਵਿਚੋਂ ਆਪਸੀ ਸਾਂਝ ਆਪ ਮੋਹਾਰੇ ਹੀ ਝਲਕਦੀ ਹੈ।

ਇਹ ਤਿਉਹਾਰ ਹਨੇਰੇ ਉੱਤੇ ਪ੍ਰਕਾਸ਼ ਦੀ ਜਿੱਤ ਦਾ ਜਸ਼ਨ ਹੈ। ਇਹ ਪਟਾਕੇ, ਪਰਿਵਾਰਕ ਜਸ਼ਨ ਅਤੇ ਸਮੂਹਿਕ ਦਾਅਵਤਾਂ ਦਾ ਸਮਾਨਾਰਥੀ ਹੈ, ਕਈ ਹੋਰ ਧਾਰਮਿਕ ਸਮਾਗਮਾਂ ਵਾਂਗ, ਦੀਵਾਲੀ ਵੀ ਇਸ ਵਾਰ ਕੋਵਿਡ ਮਹਾਂਮਾਰੀ ਕਾਰਨ ਪਰਿਵਾਰਕ ਜਸ਼ਨ ਸਮਾਜਿਕ ਦੂਰੀਆਂ ਦੀਆਂ ਪਾਬੰਦੀਆਂ ਦੇ ਘੇਰੇ ਵਿਚ ਜਕੜ ਚੁਕਾ ਹੈ। ਜਿਸ ਕਰਕੇ ਆਪਣੇ ਪਿਆਰਿਆਂ ਦੀ ਭਲਾਈ ਹਿੱਤ ਆਪਣੇ ਘਰ ਵਿਚ ਹੀ ਸਿਰਫ਼ ਤੇ ਸਿਰਫ਼ ਆਪਣੇ ਪਰਿਵਾਰ ਨਾਲ ਮਿਲ ਕੇ ਇਸ ਸਾਲ ਇਸ ਨੂੰ ਮਨਾਉ।

ਜਿਵੇਂ ਕਿ ਇਸ ਸਾਲ ਦੁਨੀਆ ਭਰ ਦਾ ਸਭ ਤੋਂ ਮਹੱਤਵਪੂਰਣ ਹਨੇਰਾ ਕੋਵਿਡ - 19 ਹੈ। ਜਿਸ ਨਾਲ 31 ਅਕਤੂਬਰ ਤੱਕ 1,195,474 ਜਾਨਾਂ ਗਈਆਂ ਅਤੇ 46,008,771 ਸੰਕਰਮਿਤ ਹੋ ਚੁਕੇ ਹਨ। ਸਾਰੀ ਦੁਨੀਆ ਭਰ ਵਿੱਚ ਦੀਵਾਲੀ ਦੇ ਜਸ਼ਨ ਜਾਂ ਤਾਂ ਰੱਦ ਕੀਤੇ ਗਏ ਹਨ ਜਾਂ ਕੋਰੋਨਾਵਾਇਰਸ



ਪਾਬੰਦੀਆਂ ਦੇ ਕਾਰਨ ਉਹਨਾਂ ਨੂੰ ਪਰਿਵਾਰ ਵਿਚ ਰਹਿ ਕੇ ਘਰੇ ਮਨਾਉਣ ਦੀ ਹਦਾਇਤ ਦਿੱਤੀ ਗਈ ਹੈ। ਸਰਕਾਰਾਂ ਵਲੋਂ ਵੀ ਹਦਾਇਤਾਂ ਦਿੱਤੀਆਂ ਗਇਆ ਹਨ ਕਿ ਬਿੰਨਾਂ ਕਿਸੇ ਜਰੂਰੀ ਕੰਮ ਤੋਂ ਬਾਹਰ ਨਾ ਜਾਉ ਜਿਸ ਵਿਚ ਹੀ ਸਭ ਦੀ ਭਲਾਈ ਹੈ। ਪਰ ਕੁਝ ਲੋਕ ਇਹਨਾਂ ਨਿਯਮਾਂ ਦੀ ਆਏ ਦਿਨ ਉਲੰਘਣਾ ਕਰਦੇ ਰਹਿੰਦੇ ਹਨ ਜੋ ਆਪਣੇ -ਆਪ ਨੂੰ ਹੀ ਨਹੀਂ ਬੱਲਕੇ ਹੋਰ ਲੋਕਾ ਨੂੰ ਵੀ ਮੌਤ ਦੇ ਮੂੰਹ ਵਿਚ ਧਕੇਲਦੇ ਹਨ।

ਦੀਵਾਲੀ ਵਿਚ ਸ਼ਾਮਲ ਹੋ ਕੇ ਆਪਣੀ ਸਿਹਤ ਨੂੰ ਜੋਖ਼ਮ ਵਿਚ ਨਾ ਪਾਓ, ਜੇਕਰ ਫਿਰ ਵੀ ਮਨ ਮਰਜੀ ਕਰਨੀ ਹੈ ਤੇ ਫੜ੍ਹੇ ਜਾਣ ਤੇ ਬਾਏ-ਲਾਅ ਅਫਿਸਰ 750 ਡਾਲਰ ਦੀ ਟਿਕਟ ਦਾ ਵਧੀਆ ਮਹਿੰਗਾ ਦੀਵਾਲੀ ਦਾ ਤੋਹਫ਼ਾ ਜਾਂ ਇਹ ਸੂਬਾਈ ਜੁਰਮਾਨਾਂ 1000 ਡਾਲਰ ਜਾਂ ਇਸ ਤੋਂ ਵੱਧ ਦਾ ਉਪਹਾਰ ਮਿਲ ਸਕਦਾ ਹੈ। ਜਿਸ ਨੂੰ ਤੁਸੀਂ ਕਮਾਉਣ ਲਈ ਪਤਾ ਨਹੀਂ ਕਿੰਨੇ ਘੰਟੇ ਪਰਿਵਾਰ ਤੋਂ ਦੂਰ ਰਹਿ ਕੇ ਮਿਹਨਤ ਮਜ਼ਦੂਰੀ ਕਰਕੇ ਕਮਾਏ ਹੋਣਗੇ।

ਇਸ ਦਿਵਾਲੀ ਤੇ ਹਜ਼ਾਰਾ ਲੱਖਾਂ ਲੋਕ ਕੋਵਿਡ ਕਾਰਨ ਨੌਕਰੀਆਂ ਗਵਾ ਚੁਕੇ ਹਨ ਤੇ ਗਵਾ ਰਹੇ ਹਨ। ਬਹੁਤ ਸਾਰੇ ਬੱਚੇ ਬਜੁਰਗ ਭੁੱਖ ਨਾਲ ਮਰ ਰਹੇ ਹਨ। ਇਸ ਔਖੇ ਸਮੇਂ ਵਿਚ ਜੋ ਅਸੀਂ ਪੈਸਾ ਪਟਾਕਿਆਂ ਅਤੇ ਸ਼ਰਾਬਾ ਦੇ ਜ਼ਸ਼ਨਾ ਤੇ ਗਵਾਉਣਾ ਹੈ, ਖਾਸ ਕਰਕੇ ਦੀਵਾਲੀ 'ਤੇ ਪਟਾਕੇ ਚਲਾਉਣ' ਤੇ ਭਾਰਤੀਆਂ ਨੂੰ ਬਹੁਤ ਸਾਰਾ ਪੈਸਾ ਖਰਚ ਕਰਨ ਦੀ ਆਦਤ ਹੈ। ਇਹ ਪੈਸੇ ਦੀ ਪੂਰੀ ਬਰਬਾਦੀ ਹੈ ਅਤੇ ਅਵਾਜ਼ ਅਤੇ ਹਵਾ ਪ੍ਰਦੂਸ਼ਣ ਪੈਦਾ ਕਰਦੀ ਹੈ। ਕਈ ਵਾਰ ਇਹ ਪਾਣੀ ਦੇ ਪ੍ਰਦੂਸ਼ਣ ਦਾ ਇੱਕ ਸਰੋਤ ਵੀ ਹੁੰਦਾ ਹੈ। ਪਟਾਕੇ ਚਲਾਉਣ 'ਤੇ ਜੋ ਪੈਸਾ ਅਸੀਂ ਖਰਚਦੇ ਹਾਂ, ਉਹ ਗਰੀਬਾਂ ਨੂੰ ਭੋਜਨ ਅਤੇ ਕੱਪੜੇ ਦੇ ਰੂਪ ਵਿਚ ਵੰਡਿਆ ਜਾਣਾ ਚਾਹੀਦਾ ਹੈ। ਉਸ ਨਾਲ ਅਸੀਂ ਕਈ ਪਰਿਵਾਰਾਂ ਦੇ ਪੇਟ ਪਾਲ ਸਕਦੇ ਹਾਂ।

ਜਿਸ ਕਰਕੇ ਸਭ ਅੱਗੇ ਬੇਨਤੀ ਹੈ ਕਿ ਇਸ ਵਾਰ ਦਿਲ ਖ੍ਹੋਲ ਕੇ ਲੋੜਵੰਦਾ ਨੂੰ ਕੱਪੜੇ ਅਤੇ ਭੋਜਨ ਵੰਡੀਏ ਜਿਸ ਨਾਲ ਕੋਈ ਵੀ ਭੁੱਖੇ ਪੇਟ ਨਹੀਂ ਸੌਵੇਗਾ। ਜਿਵੇਂ ਕਿ ਡੱਬਾਬੰਦ ਸਬਜ਼ੀਆਂ, ਕ੍ਰੈਨਬੇਰੀ ਸਾਸ, ਗ੍ਰੇਵੀ, ਤਤਕਾਲ ਆਲੂ ਅਤੇ ਪਾਈ ਦਾਨ ਕਰੋ। ਇਸ ਤੋਂ ਇਲਾਵਾ, ਸੂਪ, ਪਾਸਤਾ, ਚਾਵਲ, ਕੈਨ ਟਮਾਟਰ ਪਾਸਤਾ ਸਾਸ, ਬੀਨਜ਼ ਅਤੇ ਦਾਲਾਂ ਦਾ ਦਾਨ ਕਰੋ।

ਆਤਿਸ਼ਬਾਜ਼ੀ ਅਤੇ ਤੇਲ ਦੇ ਦੀਵੇ ਵੀ ਨੁਕਸਾਨ ਦਾ ਕਾਰਨ ਬਣਦੇ ਹਨ ਤੇ ਕਈ ਘਰ ਸੜ ਚੁਕੇ ਹਨ। ਅੱਜ, ਅਸੀਂ ਦੂਜਿਆਂ ਨੂੰ ਦੁਖੀ ਕਰ ਰਹੇ ਹਾਂ। ਕੀ ਇਹ ਸਾਡੇ ਮਨਾਂ ਵਿਚ ਦੀਵਾਲੀ ਦੀ ਭਾਵਨਾ ਹੈ?

ਅੱਜ ਪਟਾਖੇ ਉਹ ਨਹੀਂ ਰਹੇ ਜੋ ਅੱਜ ਤੋਂ 20-25 ਸਾਲ ਪਹਿਲਾਂ ਹੁੰਦੇ ਸਨ।ਇਹ ਅਸਲ ਵਿੱਚ ਹੁਣ ਵਿਸਫੋਟਕ ਹਨ, ਇਹਨਾਂ ਵਿਚ ਕਈ ਤਰ੍ਹਾਂ ਦੇ ਕੈਮੀਕਲ ਭਰੇ ਜਾਂਦੇ ਹਨ। ਜੋ ਇੰਨਸਾਨੀ ਜਿੰਦਗੀਆਂ ਹੀ ਨਹੀਂ ਬੱਲਕੇ ਪ੍ਰਦੂਸ਼ਨ, ਵਾਤਾਵਰਨ ਨੂੰ ਗੰਦਲਾਂ ਕਰਦੇ ਹਨ। ਡਾਕਟਰੀ ਖੋਜ਼ ਨੇ ਇਹ ਸਬੂਤ ਲੱਭੇ ਹਨ ਕਿ ਪਟਾਕੇ ਸਾੜਨ ਨਾਲ ਪ੍ਰਦੂਸ਼ਣ ਵੱਧ ਸਕਦਾ ਹੈ। ਜਿਸ ਨਾਲ ਬਹੁਤ ਸਾਰੇ ਲੋਕ ਕੈਂਸਰ, ਦਮਾ ਅਤੇ ਟੀ ਰੋਗਾਂ ਦਾ ਸ਼ਿਕਾਰ ਹੋ ਰਹੇ ਹਨ।

ਆਓ ਅਸੀਂ ਸਾਰੇ ਪ੍ਰਦੂਸ਼ਣ ਅਤੇ ਵਾਤਾਵਰਨ ਨੂੰ ਸੰਭਾਲਦੇ ਹੋਏ ਵੱਡੇ ਇਕੱਠਾਂ ਤੋਂ ਕਿਨਾਰਾਂ ਕਰਦੇ ਹੋਏ, ਲੋੜਵੰਦ ਲੋਕਾਂ ਨੂੰ ਪੈਸੇ ਦੇ ਕੇ, ਭੁੱਖੇ ਨੂੰ ਰੋਟੀ ਪਾਣੀ ਦੇ ਕੇ, ਗਰੀਬ ਵਿਦਿਆਰਥੀਆਂ ਲਈ ਕਿਤਾਬਾਂ ਖਰੀਦ ਕੇ, ਇੱਕ ਸਾਲ ਲਈ ਵਿਦਿਆਰਥੀ ਦੀ ਪੜ੍ਹਾਈ ਦਾ ਭੁਗਤਾਨ ਕਰਕੇ ਤਾਂ ਜੋ ਉਸਨੂੰ ਆਰਥਿਕ ਤੰਗੀ ਦੇ ਕਾਰਨ ਸਕੂਲ ਛੱਡਣਾ ਨਾ ਪਵੇ। ਇਹ ਸਾਡਾ ਛੋਟਾ ਜਿਹਾ ਉਪਰਾਲਾਂ ਬਹੁਤ ਲੋਕਾ ਦੀਆਂ ਜਿੰਦਗੀਆਂ ਬਚਾ ਸਕਦਾ ਹੈ।

ਸਾਡੇ ਸਮਰਥਨ ਦੇ ਨਾਲ, ਸਾਡੀ ਕਮਿਊਨਿਟੀ ਕੋਲ ਸਿੱਖਿਆ ਦੀ ਬਿਹਤਰ ਪਹੁੰਚ, ਇਕ ਤੋਂ ਇਕ ਸਹਾਇਤਾ ਅਤੇ ਵਿਕਾਸ, ਵਿਸ਼ਵਾਸ, ਹਿੰਮਤ ਅਤੇ ਜੀਵਨ ਹੁੰਨਰਾਂ ਦੇ ਮੌਕੇ ਕਇਆਂ ਨੂੰ ਮਿਲ ਸਕਦੇ ਹਨ। ਜਿਸ ਨਾਲ ਸਾਨੂੰ ਹੀ ਨਹੀਂ ਬੱਲਕੇ ਪੂਰੇ ਦੇਸ਼ ਦਾ ਭਵਿੱਖ ਉਜਲਾਂ ਹੋ ਸਕਦਾ ਹੈ।

ਇਸ ਲਈ, ਆਓ ਇਸ ਦਿਵਾਲੀ ਤੇ ਸਮਾਜਿਕ ਦੂਰੀ ਬਣਾਉਂਦੇ ਹੋਏ ਅਤੇ ਘਰ ਵਿੱਚ ਰਹਿ ਕੇ ਵਾਇਰਸ ਦੇ ਫੈਲਣ ਨੂੰ ਰੋਕਣ ਲਈ ਹਰ ਇੱਕ ਦੀ ਚੰਗੀ ਸਿਹਤ ਅਤੇ ਤੰਦਰੁਸਤੀ ਲਈ ਪ੍ਰਾਰਥਨਾ ਕਰੀਏ ਅਤੇ ਤੇਲ ਦਾ ਦੀਵਾ ਬਾਲ ਕੇ ਇਹ 2020 ਵਿਚ ਕੋਵਿਡ - 19 ਦੇ ਹਨੇਰੇ ਉੱਤੇ ਜਿੱਤ ਪ੍ਰਾਪਤ ਕਰੀਏ।

## ਦੀਵਾਲੀ ਮੌਕੇ ਵਿਸ਼ੇਸ਼

# ਬੰਦੀ ਛੋੜ ਦਿਵਸ ਦੀ ਮਹਾਨਤਾ

–ਬਿੰਦਰ ਸਿੰਘ ਖੁੱਡੀ ਕਲਾਂ–

ਸਿੱਖ ਭਾਈਚਾਰੇ ਵਿੱਚ ਦੀਵਾਲੀ ਨੂੰ 'ਬੰਦੀ ਛੋੜ ਦਿਵਸ' ਵਜੋਂ ਮਨਾਉਣ ਦਾ ਸੰਬੰਧ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੀ 52 ਰਾਜਿਆਂ ਸਮੇਤ ਗਵਾਲੀਅਰ ਦੇ ਕਿਲ੍ਹੇ 'ਚੋਂ ਰਿਹਾਈ ਨਾਲ ਜੁੜਿਆ ਹੋਇਆ ਹੈ। ਗੁਰੂ ਅਰਜਨ ਦੇਵ ਦੀ ਸ਼ਹਾਦਤ ਮਗਰੋਂ ਸਿੱਖਾਂ ਨੂੰ ਮੁਗਲਾਂ ਦੇ ਜ਼ੁਲਮ ਨਾਲ ਨਜਿੱਠਣ ਦੀ ਨੀਤੀ ਵਿੱਚ ਤਬਦੀਲੀ ਦੀ ਗੱਲ ਭਲੀ ਪ੍ਰਕਾਰ ਸਪੱਸ਼ਟ ਹੋ ਚੁੱਕੀ ਸੀ। ਗੁਰੂ ਹਰਗੋਬਿੰਦ ਸਾਹਿਬ ਨੇ ਸਿੱਖ ਕੌਮ ਨੂੰ ਹਥਿਆਰਬੰਦ ਹੋਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਦੁਨਿਆਵੀ ਤੇ ਅਧਿਆਤਮਕ ਦੋਵਾਂ ਪੱਖਾਂ ਨੂੰ ਬਰਾਬਰ ਦੀ ਮਹਾਨਤਾ ਦੇਣ ਦਾ ਸਿਧਾਂਤ ਦਿੰਦਿਆਂ ਖੁਦ ਮੀਰੀ ਅਤੇ ਪੀਰੀ ਦੀਆਂ ਦੋ ਕ੍ਰਿਪਾਨਾਂ ਪਹਿਨੀਆਂ। ਉਨ੍ਹਾਂ ਸਿੱਖ ਕੌਮ ਨੂੰ ਸਰੀਰਕ ਤੌਰ 'ਤੇ ਰਿਸ਼ਟ ਪੁਸ਼ਟ ਰਹਿਣ ਅਤੇ ਘੋੜ ਸਵਾਰੀ ਸਮੇਤ ਯੁੱਧ ਕਲਾ 'ਚ ਨਿਪੁੰਨ ਹੋਣ ਦਾ ਸੰਦੇਸ਼ ਦਿੱਤਾ। ਗੁਰੂ ਸਾਹਿਬ ਨੇ ਨਗਰ ਦੀ ਰਖਵਾਲੀ ਲਈ ਕਿਲ੍ਹੇ ਦੀ ਉਸਾਰੀ ਦੇ ਨਾਲ-ਨਾਲ ਸਿੱਖ ਕੌਮ ਦੇ ਦੁਨਿਆਵੀ ਨਿਰਣਿਆਂ ਲਈ ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ।

ਗੁਰੂ ਸਾਹਿਬ ਦੀ ਸ਼ਾਹੀ, ਸੁਤੰਤਰ ਅਤੇ ਬੇਬਾਕ ਜੀਵਨ ਸ਼ੈਲੀ ਹਕੂਮਤ ਨੂੰ ਰੜਕਣ ਲੱਗੀ ਅਤੇ ਸਿੱਖ ਕੌਮ ਦੀ ਯੁੱਧ ਕਲਾ ਵਿੱਚ ਨਿਪੁੰਨਤਾ ਤੋਂ ਭੈਅ ਆਉਣ ਲੱਗਾ ਅਤੇ ਗੁਰੂ ਘਰ ਦੇ ਵਿਰੋਧੀਆਂ ਨੇ ਮੁਗਲ ਬਾਦਸ਼ਾਹ ਨੂੰ ਗੁਰੂ ਸਾਹਿਬ ਬਾਰੇ ਭੜਕਾਉਣਾ ਸ਼ੁਰੂ ਕਰ ਦਿੱਤਾ। ਗੁਰੂ ਜੀ ਵੱਲੋਂ ਆਤਮ ਰੱਖਿਆ ਲਈ ਬਣਾਈ ਜਾ ਰਹੀ ਫੌਜ ਨੂੰ ਵਿਰੋਧੀਆਂ ਨੇ ਬਹੁਤ ਕੁਝ ਵਧਾ ਚੜ੍ਹਾ ਕੇ ਪੇਸ਼ ਕੀਤਾ। ਜਹਾਂਗੀਰ ਨੂੰ ਵੀ ਜਾਪਦਾ ਸੀ ਕਿ ਸ਼ਾਇਦ ਗੁਰੂ ਸਾਹਿਬ ਇਹ ਸਾਰੀ ਤਿਆਰੀ ਮੁਗਲ ਹਕੂਮਤ ਤੋਂ ਅਪਣੇ ਪਿਤਾ ਦੀ ਸ਼ਹਾਦਤ ਦਾ ਬਦਲਾ ਲੈਣ ਲਈ ਕਰ ਰਹੇ ਹਨ। ਬਾਦਸ਼ਾਹ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਨਿਸ਼ਾਨਾ ਬਣਾਉਣ ਦੀਆਂ ਸਕੀਮਾਂ ਸ਼ੁਰੂ ਕਰ ਕੇ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਬੰਦੀ ਬਣਾ ਲਿਆ। ਜਹਾਂਗੀਰ ਨੇ ਬਹਾਨਾ ਬਣਾਇਆ ਕਿ ਗੁਰੂ ਅਰਜਨ ਦੇਵ ਨੂੰ ਕੀਤੇ ਜੁਰਮਾਨੇ ਦੀ ਭਰਪਾਈ ਗੁਰੂ ਹਰਗੋਬਿੰਦ ਸਾਹਿਬ ਨੇ ਨਹੀਂ ਕੀਤੀ।

ਇਤਿਹਾਸਕਾਰਾਂ ਅਨੁਸਾਰ ਜਹਾਂਗੀਰ ਨੇ ਵੱਖ-ਵੱਖ ਰਿਆਸਤਾਂ ਦੇ 52 ਰਾਜਿਆਂ ਦੀਆਂ ਰਿਆਸਤਾਂ ਖੋਹ ਕੇ ਉਨ੍ਹਾਂ ਨੂੰ ਬੰਦੀ ਬਣਾ ਕੇ ਗਵਾਲੀਅਰ ਦੇ ਕਿਲ੍ਹੇ ਵਿੱਚ ਰੱਖਿਆ ਸੀ। ਇੱਥੇ ਗੁਰੂ ਸਾਹਿਬ ਨੇ ਲੋਕਾਂ ਦੇ ਖੂਨ ਪਸੀਨੇ ਦੀ ਕਮਾਈ ਨਾਲ ਭਰੇ ਸਰਕਾਰੀ ਖਜ਼ਾਨੇ 'ਚੋਂ ਆ ਰਿਹਾ ਭੋਜਨ ਖਾਣ ਤੋਂ ਇਨਕਾਰ ਕਰਨ ਦਾ ਹਵਾਲਾ ਮਿਲਦਾ ਹੈ। ਬੰਦੀ ਰਾਜੇ ਕਿਲ੍ਹੇ 'ਚੋਂ ਆਪਣੀ ਆਜ਼ਾਦੀ ਦਾ ਵਿਚਾਰ ਤਿਆਗ ਕੇ ਘੋਰ ਨਿਰਾਸ਼ਾ ਦੇ ਆਲਮ ਵਿੱਚ ਚਲੇ ਗਏ ਸਨ। ਗੁਰੂ ਸਾਹਿਬ ਨੇ ਕਿਲ੍ਹੇ ਵਿੱਚ ਬੰਦੀ ਦੇ ਦਿਨਾਂ ਨੂੰ ਪ੍ਰਮਾਤਮਾ ਦੀ ਮਿਹਰ ਵਜੋਂ ਕਹਿ ਕੇ ਮੰਨਿਆ ਤੇ ਬੰਦੀ ਰਾਜਿਆਂ ਨੂੰ ਸਮਝਾਇਆ ਕਿ ਇਹੋ ਜਿਹੇ ਜ਼ਾਲਮ ਸਿਰਫ ਸਰੀਰਾਂ ਨੂੰ ਬੰਦੀ ਬਣਾ ਸਕਦੇ ਹਨ, ਆਤਮਾ ਨੂੰ ਨਹੀਂ। ਗੁਰੂ ਸਾਹਿਬ ਨੇ ਫੁਰਮਾਇਆ, "ਇਸ ਜ਼ਾਲਮ ਦੀ ਬੰਦੀ ਨਾਲ ਮੈਨੂੰ ਪਰਮਾਤਮਾ ਦੇ ਸਿਮਰਨ ਵਿੱਚ ਵੱਧ ਸਮਾਂ ਬਿਤਾਉਣ ਦਾ ਮੌਕਾ ਮਿਲਿਆ ਹੈ।" ਗੁਰੂ ਸਾਹਿਬ ਦੇ ਵਿਚਾਰਾਂ ਦਾ ਰਾਜਿਆਂ ਦੇ ਮਨਾਂ 'ਤੇ ਭਾਰੀ ਅਸਰ ਹੋਇਆ।

ਗੁਰੂ ਸਾਹਿਬ ਨੇ ਜੇਲ੍ਹ ਬੰਦੀ ਬਦਲੇ ਪ੍ਰਮਾਤਮਾ ਦਾ ਸ਼ੁਕਰਾਨਾ ਕਰ ਕੇ ਹਰ ਪਲ ਉਸ ਦੇ ਹੁਕਮ ਅਨੁਸਾਰ ਬਿਤਾਉਣ ਦੇ ਸਿੱਖੀ ਸਿਧਾਂਤ ਦੇ ਨਾਲ ਪਰਉਪਕਾਰ ਦਾ ਵਿਸ਼ਵ ਅਲੋਕਾਰੀ ਕਾਰਜ ਕੀਤਾ। ਉਨ੍ਹਾ ਦੀ ਤਰਕਹੀਣ ਕਿਲ੍ਹਾਬੰਦੀ ਦਾ ਸਿੱਖਾਂ ਸਮੇਤ ਸਭਨਾਂ ਧਰਮਾਂ ਨੇ ਵਿਰੋਧ



ਕੀਤਾ, ਜਿਸ ਕਾਰਨ ਮੁਗਲ ਹਕੂਮਤ ਨੇ ਗੁਰੂ ਸਾਹਿਬ ਨੂੰ ਰਿਹਾਅ ਕਰਨ ਦਾ ਫੈਸਲਾ ਲਿਆ। ਗੁਰੂ ਸਾਹਿਬ ਨੇ ਮੁਗਲ ਹਕੂਮਤ ਖੁਦ ਦੀ ਰਿਹਾਈ ਦੇ ਨਾਲ 52 ਰਾਜਿਆਂ ਦੀ ਰਿਹਾਈ ਦੀ ਵੀ ਸ਼ਰਤ ਰੱਖੀ। ਗੁਰੂ ਸਾਹਿਬ ਵੱਲੋਂ ਪਹਿਨੇ ਬਵੰਜਾ ਕਲੀਆਂ ਵਾਲੇ ਪਵਿੱਤਰ ਚੋਲੇ ਨਾਲ ਉਨ੍ਹਾਂ 52 ਰਾਜਿਆਂ ਦੀ ਵੀ ਰਿਹਾਈ ਹੋਈ। ਗਵਾਲੀਅਰ ਦੇ ਕਿਲ੍ਹੇ 'ਚੋਂ ਰਿਹਾਈ ਮਗਰੋਂ ਗੁਰੂ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਪਹੁੰਚੇ ਤਾਂ ਸੰਗਤ ਨੇ ਉਨ੍ਹਾਂ ਦੀ ਆਮਦ ਦੀ ਖੁਸ਼ੀ ਵਿੱਚ ਜਿੱਥੇ ਹਰਿਮੰਦਰ ਸਾਹਿਬ, ਉਥੇ ਸਮੂਹ ਸੰਗਤ ਨੇ ਆਪੋ ਆਪਣੇ ਘਰਾਂ ਦੇ ਬਨੇਰਿਆਂ 'ਤੇ ਦੀਪ ਮਾਲਾ ਕੀਤੀ। ਉਸ ਦਿਨ ਤੋਂ ਲੈ ਕੇ ਸਿੱਖ ਕੌਮ ਦਾ ਦੀਵਾਲੀ ਨਾਲ ਸੰਬੰਧ ਹੋਰ ਗਹਿਰਾ ਹੋ ਗਿਆ ਅਤੇ ਸਿੱਖਾਂ ਨੇ ਦੀਵਾਲੀ ਨੂੰ 'ਬੰਦੀ ਛੋੜ ਦਿਵਸ' ਵਜੋਂ ਮਨਾਉਣਾ ਸ਼ੁਰੂ ਕਰ ਦਿੱਤਾ।

ਸਿੱਖਾਂ ਵੱਲੋਂ ਜ਼ੁਲਮ ਨਾਲ ਟਕਰਾਉਣ 'ਚ ਵਿਖਾਵੇ ਗਏ ਜੋਸ਼ ਤੋਂ ਮੁਗਲ ਹਕੂਮਤ ਬਹੁਤ ਹੈਰਾਨ ਸੀ। ਮੁਗਲਾਂ ਵੱਲੋਂ ਵਿਖਾਇਆ ਜਾਂਦਾ ਭੈਅ ਸਿੱਖਾਂ ਨੂੰ ਡਰਾਉਣ ਜਾਂ ਧਮਕਾਉਣ ਵਿੱਚ ਇੱਕ ਤਰ੍ਹਾਂ ਅਸਫਲ ਹੁੰਦਾ ਵੇਖ ਮੁਗਲਾਂ ਨੇ ਸਿੱਖਾਂ ਦੀ ਸ਼ਕਤੀ ਦੇ ਸੋਮੇ ਸ੍ਰੀ ਹਰਿ-ਮੰਦਰ ਸਾਹਿਬ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਸਿੱਖਾਂ ਦੀ ਦਰਬਾਰ ਸਾਹਿਬ ਆਮਦ 'ਤੇ ਤਰ੍ਹਾਂ ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ ਜਾਣ ਲੱਗੀਆਂ। ਦਸਮ ਗੁਰੂ ਗੋਬਿੰਦ ਸਿੰਘ ਦੇ ਜੋਤੀ ਜੋਤਿ ਸਮਾਉਣ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਮਗਰੋਂ ਮੁਗਲਾਂ ਵੱਲੋਂ ਸਿੱਖਾਂ 'ਤੇ ਕੀਤੇ ਗਏ ਅਤਿਆਚਾਰਾਂ ਵਿੱਚ ਭਾਰੀ ਵਾਧਾ ਹੋਇਆ, ਪਰ ਸਿੱਖ ਜੰਗਲਾਂ ਅਤੇ ਵੀਰਾਨ ਥਾਵਾਂ 'ਤੇ ਸਮਾਂ ਗੁਜ਼ਾਰਦੇ ਹੋਏ ਵੀ ਸ੍ਰੀ ਹਰਿਮੰਦਰ ਸਾਹਿਬ ਦੇ ਦੀਦਾਰਿਆਂ ਲਈ ਜ਼ਰੂਰ ਪਹੁੰਚਦੇ। ਮੁਗਲਾਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿੱਚ ਬੰਦੀ ਛੋੜ ਦਿਵਸ ਮਨਾਉਣ ਲਈ ਵੀ ਸਿੱਖ ਸੰਗਤ ਦੀ ਆਮਦ ਰੋਕਣ ਦੀ ਕੋਸ਼ਿਸ਼ ਕੀਤੀ ਗਈ। ਉਸ ਸਮੇਂ ਦਰਬਾਰ ਸਾਹਿਬ ਵਿੱਚ ਮੁੱਖ ਗ੍ਰੰਥੀ ਦੀ ਸੇਵਾ ਨਿਭਾ ਰਹੇ ਭਾਈ ਮਨੀ ਸਿੰਘ ਨੇ ਮੁਗਲ ਹਕੂਮਤ ਤੋਂ ਬੰਦੀ ਛੋੜ ਦਿਵਸ ਮਨਾਉਣ ਦੀ ਇਜਾਜ਼ਤ ਮੰਗੀ। ਮੁਗਲ ਹਕੂਮਤ ਨੇ ਦੁਸ਼ਟ ਭਾਵਨਾ ਹੇਠ ਟੈਕਸ ਦੀ ਅਦਾਇਗੀ ਬਦਲੇ ਇਹ ਮਨਜ਼ੂਰੀ ਦੇ ਦਿੱਤੀ। ਭਾਈ ਮਨੀ ਸਿੰਘ ਨੇ ਸਿੱਖ ਸੰਗਤ ਨੂੰ ਦਰਬਾਰ ਸਾਹਿਬ ਪਹੁੰਚਣ ਦੀ ਕੀਤੀ ਅਪੀਲ ਦਾ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ। ਬੰਦੀ ਛੋੜ ਦਿਵਸ ਮੌਕੇ ਇਕੱਠੀ ਹੋਈ ਸੰਗਤ 'ਤੇ ਮੁਗਲ ਹਕੂਮਤ ਵੱਲੋਂ ਕੀਤੇ ਜਾਣ ਵਾਲੇ ਅਤਿਆਚਾਰ ਦੀ ਭਾਈ ਮਨੀ ਸਿੰਘ ਨੂੰ ਖਬਰ ਲੱਗੀ ਤਾਂ ਉਨ੍ਹਾਂ ਨੇ ਸਿੱਖਾਂ ਨੂੰ ਬੰਦੀ ਛੋੜ ਦਿਵਸ ਮਨਾਉਣ ਲਈ ਦਰਬਾਰ ਸਾਹਿਬ ਨਾ ਪਹੁੰਚਣ ਦੀ ਅਪੀਲ ਵੀ ਕਰ ਦਿੱਤੀ। ਭਾਈ ਮਨੀ ਸਿੰਘ ਦੀ ਅਪੀਲ ਕਬੂਲਦਿਆਂ ਬਹੁਤ ਘੱਟ ਗਿਣਤੀ 'ਚ ਸੰਗਤ ਦਰਬਾਰ ਸਾਹਿਬ ਪਹੁੰਚੀ। ਇਸ ਮਗਰੋਂ ਮੁਗਲ ਹਕੂਮਤ ਨੇ ਭਾਈ ਮਨੀ ਸਿੰਘ ਨੂੰ ਨਿਸ਼ਾਨਾ ਬਣਾਉਣ ਦੀਆਂ ਚਾਲਾਂ ਚੱਲਣੀਆਂ ਸ਼ੁਰੂ ਕਰ ਦਿੱਤੀਆਂ। ਭਾਈ ਮਨੀ ਸਿੰਘ ਵੱਲੋਂ ਮੁਗਲ ਹਕੂਮਤ ਨੂੰ ਬੰਦੀ ਛੋੜ ਦਿਵਸ ਮਨਾਉਣ ਲਈ ਅਦਾ ਕੀਤੇ ਜਾਣ ਵਾਲੇ ਟੈਕਸ ਦੀ ਅਦਾਇਗੀ ਤੋਂ ਇਨਕਾਰ ਕਰਨ ਨਾਲ ਮੁਗਲ ਹਕੂਮਤ ਨੂੰ ਭਾਈ ਮਨੀ ਸਿੰਘ ਦੀ ਗ੍ਰਿਫਤਾਰ ਦੀ ਬਹਾਨਾ ਮਿਲ ਗਿਆ। ਮੁਗਲ ਹਕੂਮਤ ਵੱਲੋਂ ਭਾਈ ਸਾਹਿਬ ਨੂੰ ਗ੍ਰਿਫਤਾਰ ਕਰ ਕੇ ਇਸਲਾਮ ਕਬੂਲਣ ਜਾਂ ਮੌਤ ਲਈ ਤਿਆਰ ਰਹਿਣ ਦਾ ਫੁਰਮਾਨ ਸੁਣ-ਾਇਆ ਗਿਆ। ਭਾਈ ਮਨੀ ਸਿੰਘ ਨੇ ਗੁਰੂਆਂ ਤੇ ਸ਼ਹੀਦਾਂ ਵੱਲੋਂ ਹੱਸ ਹੱਸ ਕੇ ਸ਼ਹਾਦਤਾਂ ਦੇਣ ਦੇ ਗੌਰਵਮਈ ਇਤਿਹਾਸ 'ਤੇ ਪਹਿਰਾ ਦਿੰਦਿਆਂ ਮੁਗਲਾਂ ਦੀਆਂ ਧਮਕੀਆਂ ਨੂੰ ਠੋਕਰ ਮਾਰ ਕੇ ਸ਼ਹਾਦਤ ਨੂੰ ਪ੍ਰਵਾਨ ਕੀਤਾ। ਭਾਈ ਸਾਹਿਬ ਨੇ ਗਰਜਵੀਂ ਆਵਾਜ਼ ਵਿੱਚ ਕਿਹਾ, "ਮੈਨੂੰ ਜਾਨ ਨਹੀਂ, ਸਿੱਖੀ ਪਿਆਰੀ ਹੈ। ਮੇਰੀ ਜ਼ਿੰਦਗੀ ਤਾਂ ਮੇਰੇ ਗੁਰੂਆਂ ਦੀ ਅਮਾਨਤ ਹੈ। ਮੈਂ ਇਸ ਨੂੰ ਉਨ੍ਹਾਂ ਦੇ ਪਾਏ ਪੂਰਨਿਆਂ ਨੂੰ ਨਿਭਾਉਣ ਲਈ ਲੇਖੇ ਲਾ ਕੇ ਆਪਣੇ ਆਪ ਨੂੰ ਵਡਭਾਗਾ ਸਮਝਦਾ ਹਾਂ।" ਮੁਗਲ ਹਕੂਮਤ ਨੇ ਭਾਈ ਮਨੀ ਸਿੰਘ ਨੂੰ ਬੰਦ ਬੰਦ ਕੱਟ ਕੇ ਸ਼ਹੀਦ ਕਰ ਦਿੱਤਾ। ਭਾਈ ਮਨੀ ਸਿੰਘ ਵੱਲੋਂ ਸਿੱਖੀ ਸਿਦਕ ਨਿਭਾਉਣ ਲਈ ਦਿੱਤੀ ਸ਼ਹਾਦਤ ਦਾ ਦਿਨ ਬੇਸ਼ੱਕ ਦੀਵਾਲੀ ਵਾਲਾ ਨਹੀਂ ਸੀ, ਪਰ ਉਨ੍ਹਾਂ ਦੀ ਸ਼ਹਾਦਤ ਦਾ ਕਾਰਨ ਦੀਵਾਲੀ ਮਨਾਉਣਾ ਜ਼ਰੂਰ ਬਣਿਆ। ਇਸ ਤਰ੍ਹਾਂ ਸਿੱਖ ਕੌਮ ਦੇ ਕੁਰਬਾਨੀਆਂ ਭਰਪੂਰ ਮਾਣਮੱਤੇ ਇਤਿਹਾਸ ਦੀ ਭਾਈ ਮਨੀ ਸਿੰਘ ਦੀ ਸ਼ਹਾਦਤ ਵਾਲੀ ਦੂਜੀ ਗੌਰਵਮਈ ਘਟਨਾ ਦਾ ਸੰਬੰਧ ਵੀ 'ਬੰਦੀ ਛੋੜ ਦਿਵਸ' ਨਾਲ ਜੁੜ ਗਿਆ। ਕੌਮ ਵੱਲੋਂ ਬੰਦੀ ਛੋੜ ਦਿਵਸ ਮਨਾਏ ਜਾਣ ਦਾ ਮਨੋਰਥ ਗੁਰੂ ਸਾਹਿਬ ਅਤੇ ਭਾਈ ਮਨੀ ਸਿੰਘ ਵਾਂਗ ਜਬਰ ਅਤੇ ਜ਼ੁਲਮ ਨਾਲ ਜ਼ਿੰਦਗੀ ਦੀ ਕੀਮਤ 'ਤੇ ਟਕਰਾਉਣ ਦੇ ਵਿਲੱਖਣ ਜਜ਼ਬੇ ਨਾਲ ਹੀ ਪੂਰਾ ਹੋ ਸਕਦਾ ਹੈ।

## ਮਿੰਨੀ ਕਹਾਣੀਆਂ

### ਅੰਨ੍ਹੇ ਭਗਤ

–ਗੁਰਮੀਤ ਸਿੰਘ ਸਿੱਧੂ

ਕੇਂਦਰ ਸਰਕਾਰ ਨੇ ਕੁਝ ਆਰਡੀਨੈਂਸ ਕਿਸਾਨ ਅੰਨ-ਦਾਤੇ ਨੂੰ ਮਾਰਨ ਖਾਤਰ ਪਾਸ ਕਰ ਦਿੱਤੇ। ਸਾਂਝੀਆਂ ਗਠਜੋੜ ਪਾਰਟੀਆਂ ਉਨ੍ਹਾਂ ਦਾ ਸਮਰਥਨ ਕਰਦੀਆਂ ਰਹੀਆਂ। ਵੱਡੇ ਪੱਧਰ ਦੇ ਬੋਹੜ ਜਿਹੇ ਰੁੱਖ ਆਗੂ ਵੀ ਹਮਾਇਤ ਕਰਦੇ ਗਏ। ਲੋਕਾਂ ਦੇ ਰੋਹ ਅੱਗੇ ਗੋਡੇ ਟੇਕ ਕੇ ਅਸਤੀਫਾ ਦੇਣ ਤੋਂ ਬਾਅਦ ਵੀ ਸਰਕਾਰ ਨੂੰ ਨਿੰਦਣ ਦੀ ਥਾਂ ਸਲਾਹੁਣ ਦੀ ਕੰਮ ਜਾਰੀ ਰੱਖ ਕੇ ਆਪਣੇ ਆਪ ਨੂੰ ਕਿਸਾਨ ਹਿਤੈਸ਼ੀ ਹੋਣ ਦਾ ਦਾਅਵਾ ਕਰਨ ਵਾਲੇ ਤਿੰਨ ਧਾਰਮਿਕ ਤਖਤਾਂ ਤੋਂ ਆਪਣੇ ਵਰਕਰ ਇਕੱਠੇ ਕਰ ਕੇ ਦਿੱਲੀ ਵੱਲ ਕੂਚ ਕਰਨ ਦੀ ਬਜਾਏ ਚੰਡੀਗੜ੍ਹ ਵੱਲ ਚਾਲੇ ਪਾ ਦਿੱਤੇ।

ਕਿਸਾਨ ਤਾਂ ਨਾਲ ਨਾ ਤੁਰਿਆ, ਪਰ ਕੁਝ ਪਾਰਟੀ ਸ਼ਰਧਾਲੂ ਤੋਰੀ ਫੁਲਕਾ ਖਾਣ ਲਈ ਵੱਡੀਆਂ ਗੱਡੀਆਂ ਵਿੱਚ ਬੈਠ ਕੇ ਖੁਸ਼ੀਆਂ ਮਨਾਉਂਦੇ ਪੰਜਾਬ ਦੀ ਰਾਜਧਾਨੀ ਵਿੱਚ ਜਾਣ ਲੱਗੇ ਤਾਂ ਯੋਜਨਾਬੱਧ ਤਰੀਕੇ ਨਾਲ ਲੀਡਰਾਂ ਨੂੰ ਫੜ ਲਿਆ ਅਤੇ ਬਾਇੱਜ਼ਤ ਉਨ੍ਹਾਂ ਦੀਆਂ ਆਲੀਸ਼ਾਨ ਕੋਠੀਆਂ ਵਿੱਚ ਪੁਚਾ ਦਿੱਤਾ ਗਿਆ। ਬਾਕੀ ਬਚੀ ਜਨਤਾ ਉੱਤੇ ਲਾਠੀਚਾਰਜ ਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ ਗਈਆਂ। ਨਿੰਮੋਝੂਣੇ ਹੋਏ ਉਹ ਲੋਕ ਆਪਣੇ ਆਪ ਨੂੰ ਕੋਸ ਰਹੇ ਸਨ, ਕਿ, "ਅਸੀਂ ਪੰਜਾਬ ਦੇ ਪਿੰਡਾਂ ਵੱਲ ਕੂਚ ਕਰੀਏ ਜਾਂ ਲੀਡਰਾਂ ਦੇ ਫੋਕੇ ਲਾਰਿਆਂ ਵੱਲ?"

### ਮਾਂ ਦਾ ਅਸ਼ੀਰਵਾਦ

–ਅਮਨਦੀਪ ਕੌਰ ਹਾਕਮ ਸਿੰਘ ਵਾਲਾ

ਅੱਜ ਸਵੇਰੇ ਗਲੀ ਵਿੱਚ ਸੈਰ ਕਰ ਰਹੀ ਸੀ ਤਾਂ ਵੇਖਿਆ ਇੱਕ ਨਵੀਂ ਜਿਹੀ ਟੈਕਸੀ ਗਲੀ ਵਿੱਚ ਪਹੁੰਚੀ। ਮਨ ਹੀ ਮਨ ਕਿਹਾ, ਰੱਬਾ ਖੈਰ ਸੁੱਖ ਹੋਵੇ। ਫਿਰ ਵੇਖਿਆ ਕਿ ਮਿਸਟਰ ਸੁਰੇਸ਼ ਆਪਣੀ ਘਰਵਾਲੀ ਅਤੇ ਬੱਚਿਆਂ ਨਾਲ ਬੈਗ ਅਤੇ ਹੋਰ ਛੋਟਾ ਮੋਟਾ ਸਾਮਾਨ ਚੁੱਕੀ ਟੈਕਸੀ ਵੱਲ ਨੂੰ ਆਏ। ਮੈਂ ਕੁਝ ਪੁੱਛਦੀ, ਇਸ ਤੋਂ ਪਹਿਲਾਂ ਹੀ ਸੁਰੇਸ਼ ਜੀ ਦੀ ਮਾਤਾ, ਜੋ ਕਾਫੀ ਉਮਰ ਦੀ ਸੀ, ਉਥੇ ਪਹੁੰਚੀ ਅਤੇ ਕਹਿਣ ਲੱਗੀ, "ਪੁੱਤ ਮੈਨੂੰ ਵੀ ਨਾਲ ਲੈ ਚੱਲੋ, ਘਰ ਵਿੱਚ ਮੈਨੂੰ 'ਕੱਲਿਆਂ ਡਰ ਲੱਗਦਾ ਹੈ। ਨਾਲੇ ਮੇਰੇ ਰੋਟੀ ਪਾਣੀ ਦਾ ਵੀ ਔਖਾ ਹੋ ਜੂ ਪੁੱਤ।"


ਹਾਲੇ ਮਾਂ ਦੀ ਗੱਲ ਪੂਰੀ ਨਹੀਂ ਸੀ ਹੋਈ, ਸੁਰੇਸ਼ ਜੀ ਗੁੱਸੇ ਵਿੱਚ ਬੋਲੇ, "ਮਾਂ ਅਸੀਂ ਉਥੇ ਮਾਤਾ ਦੇ ਦਰਸ਼ਨਾਂ ਨੂੰ ਚੱਲੇ ਹਾਂ, ਪਹਾੜਾਂ ਵਾਲੀ ਮਾਤਾ ਦਾ ਅਸ਼ੀਰਵਾਦ ਤੇ ਖੁਸ਼ੀਆਂ ਲੈਣ। ਨਾਲੇ ਉਥੇ ਠੰਢ ਵੀ ਹੁੰਦੀ ਹੈ, ਅਸੀਂ ਤੈਨੂੰ ਸੰਭਾਲਾਂਗੇ ਜਾਂ ਆਪ ਨੂੰ? ਨਾਲੇ ਬੱਚੇ ਵੀ ਨੇ। ਤੈਨੂੰ ਪਤਾ ਹੈ, ਜਾ ਘਰੇ ਮੁੜ ਜਾ।"

ਇੰਨਾ ਸੁਣ ਕੇ ਮਾਂ ਜਿਵੇਂ ਸੁੰਨ ਹੋ ਗਈ ਸੀ, ਕਿੰਨਾ ਹੀ ਚਿਰ ਟੈਕਸੀ ਦੇ ਸ਼ੀਸ਼ੇ ਤੇ ਹੱਥ ਰੱਖ ਖੜ੍ਹੀ ਰਹੀ। ਸੁਰੇਸ਼ ਨੇ ਡਰਾਈਵਰ ਨੂੰ ਟੈਕਸੀ ਤੋਰਨ ਨੂੰ ਕਿਹਾ ਤੇ ਮਿੰਟਾਂ ਵਿੱਚ ਟੈਕਸੀ ਅੱਖੋਂ ਓਹਲੇ ਹੋ ਗਈ। ਮੈਂ ਮਾਤਾ ਨੂੰ ਕੋਲ ਬਿਠਾਇਆ ਤੇ ਹੌਸਲਾ ਦਿੱਤਾ, ਪਰ ਆਪ ਕਿੰਨੀ ਹੀ ਚਿਰ ਇਹ ਸੋਚਦੀ ਰਹੀ ਕਿ ਦੇਵੀ ਵਰਗੀ ਮਾਂ ਨੂੰ ਏਦਾਂ ਬੋਲ ਕਬੋਲ ਕਰ ਕੇ ਸੁਰੇਸ਼ ਪਹਾੜਾਂ ਵਿੱਚ ਕਿਹੜੀ ਮਾਂ ਦੀਆਂ ਖੁਸ਼ੀਆਂ ਤੇ ਅਸ਼ੀਰਵਾਦ ਲੈਣ ਗਏ ਹਨ? ਇਹਗੱਲ ਹਾਲੇ ਵੀ ਮੇਰੇ ਸਮਝੋਂ ਬਾਹਰ ਸੀ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਨ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ

ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224


# ਕਾਨੂੰਨ ਅਤੇ ਜੁਰਮ ਦਾ ਤਾਲਮੇਲ

–ਪੂਰਨ ਚੰਦ ਸਰੀਨ

ਭਾਰਤ ਵਿੱਚ ਆਮ ਨਾਗਰਿਕ ਨੂੰ ਜਦੋਂ ਰੋਜ਼ ਇਹੀ ਕੁਝ ਸੁਣਨ, ਪੜ੍ਹਨ ਤੇ ਦੇਖਣ ਨੂੰ ਮਿਲੇ, ਜੋ ਗੈਰ-ਕਾਨੂੰਨੀ ਹੈ, ਜੁਡੀਸ਼ਲ ਵਿਵਸਥਾ ਦੇ ਵਿਰੁੱਧ ਹੈ ਤਾਂ ਉਸ ਨੂੰ ਸੌਖੀ ਭਾਸ਼ਾ 'ਚ ਕਿਹਾ ਜਾਵੇ ਤਾਂ ਉਹ ਨੈਤਿਕ, ਪਰਵਾਰਕ, ਸਮਾਜਿਕ ਅਤੇ ਆਰਥਿਕ ਮੋਰਚੇ 'ਤੇ ਗਿਰਾਵਟ ਦਾ ਪ੍ਰਤੀਕ ਹੈ। ਬਲਾਤਕਾਰ, ਸ਼ੋਸ਼ਣ, ਕੁੱਟਮਾਰ, ਹਿੰਸਾ, ਧੋਖਾਦੇਹੀ ਅਤੇ ਇਸ ਤਰ੍ਹਾਂ ਦੀਆਂ ਘਟਨਾਵਾਂ ਨਾ ਸਿਰਫ ਗੈਰ-ਕਾਨੂੰਨੀ ਹਨ, ਸਗੋਂ ਕਾਨੂੰਨ 'ਚ ਉਨ੍ਹਾਂ ਲਈ ਸਖ਼ਤ ਸਜ਼ਾ ਦੀ ਵੀ ਵਿਵਸਥਾ ਹੈ। ਕੀ ਕਦੇ ਇਸ 'ਤੇ ਸੋਚਿਾ ਹੈ ਕਿ ਜੁਰਮ ਕਰਨਾ ਕੁਝ ਲੋਕਾਂ ਦੀ ਆਦਤ ਕਿਉਂ ਬਣ ਜਾਂਦੀ ਹੈ? ਅਸਲ 'ਚ ਜਦੋਂ ਅਪਰਾਧਿਕ ਮਾਨਸਿਕਤਾ ਕਿਸੇ ਪਰਵਾਰ ਜਾਂ ਜਿਸ ਸਮਾਜ 'ਚ ਉਹ ਰਹਿੰਦਾ ਹੈ, ਦੀ ਜ਼ਿੰਦਗੀ ਦੀਆਂ ਕਦਰਾਂ-ਕੀਮਤਾਂ ਦਾ ਹਿੱਸਾ ਬਣ ਜਾਵੇ ਤਾਂ ਫਿਰ ਜੁਰਮ ਕਰਨਾ ਉਹੋ ਜਿਹਾ ਹੋ ਜਾਂਦਾ ਹੈ, ਜਿਵੇਂ ਭੁੱਖ ਲੱਗਣ 'ਤੇ ਖਾਣਾ ਖਾ ਕੇ ਮੁੱਛਾਂ ਨੂੰ ਤਾਅ ਦੇਣਾ ਜਾਂ ਡਕਾਰ ਮਾਰਨਾ।

ਇਹ ਆਮ ਪ੍ਰਵਿਰਤੀ ਹੈ ਕਿ ਜਦੋਂ ਪਰਵਾਰ, ਸਮਾਜ ਜਾਂ ਫਿਰ ਸਰਕਾਰ ਵੱਲੋਂ ਕੋਈ ਨਿਯਮ ਜਾਂ ਕਾਨੂੰਨ ਬਣਾਇਆ ਜਾਂਦਾ ਹੈ ਤਾਂ ਬਹੁਤੇ ਲੋਕਾਂ ਦੀ ਇਹੀ ਪ੍ਰਤੀਕਿਰਿਆ ਹੁੰਦੀ ਹੈ, ਲਓ ਇੱਕ ਹੋਰ ਕਾਨੂੰਨ ਆ ਗਿਆ, ਸਾਨੂੰ ਦੱਸਣ ਚੱਲੇ ਹਨ ਕਿ ਕੀ ਕਰਨਾ ਹੈ, ਪਹਿਲਾਂ ਖੁਦ ਇਸ ਨੂੰ ਮੰਨਣ, ਸਾਡੇ ਤੋਂ ਪੁੱਛ ਕੇ ਬਣਾਇਆ ਸੀ, ਕੋਈ ਸਾਡੇ 'ਤੇ ਆਪਣੀ ਮਰਜ਼ੀ ਨਹੀਂ ਥੋਪ ਸਕਦਾ ਜਾਂ ਫਿਰ ਇਹ ਕਿ ਉਂਝ ਤਾਂ ਕਾਨੂੰਨ 'ਚ ਕੋਈ ਘਾਟ ਨਹੀਂ, ਪਰ ਵਿਰੋਧੀ ਧਿਰ ਦਾ ਹੋਣ ਨਾਤੇ ਅਸੀਂ ਇਸ ਨੂੰ ਕਦੇ ਵੀ ਨਹੀਂ ਮੰਨ ਸਕਦੇ, ਭਾਵੇਂ! ਕੁਝ ਵੀ ਹੋ ਜਾਵੇ।

ਅੱਗੇ ਵਧਣ ਤੋਂ ਪਹਿਲਾਂ ਇੱਕ ਘਟਨਾ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਤਾਂ ਕਿ ਸਮਝਿਆਂ ਜਾ ਸਕੇ ਕਿ ਇਹ ਆਦਤ ਨਾਂ ਦੀ ਚਿੜੀ ਹੈ ਕੀ? ਕੁਝ ਸਮਾਂ ਪਹਿਲਾਂ ਇੱਕ ਕਾਰਪੋਰੇਟ ਸੰਸਥਾ ਵੱਲੋਂ ਆਪਣੇ ਮੁਲਾਜ਼ਮਾਂ ਲਈ ਇੱਕ ਫਿਲਮ ਬਣਾਉਣ ਦੀ ਤਜਵੀਜ਼ ਮਿਲੀ। ਪ੍ਰਬੰਧਕਾਂ ਨੇ ਦੱਸਿਆ ਕਿ ਉਨ੍ਹਾਂ ਕੋਲ ਫੈਕਟਰੀ ਅਤੇ ਦਫ਼ਤਰ 'ਚ ਵੱਡੀ ਗਿਣਤੀ 'ਚ ਲੋਕ ਸਮੇਂ ਸਿਰ ਕੰਮ 'ਤੇ ਨਹੀਂ ਆਉਂਦੇ ਅਤੇ ਜੇ ਕੋਈ ਐਕਸ਼ਨ ਲੈ ਲਓ ਤਾਂ ਲਾਲ ਝੰਡਾ ਜਾਂ ਹੜਤਾਲ ਤੱਕ ਕਰ ਦਿੰਦੇ ਹਨ। ਦੂਸਰੀ ਗੱਲ ਇਹ ਕਿ ਕਾਰਖਾਨੇ 'ਚ ਕਾਮੇ ਲਾਪ੍ਰਵਾਹੀ ਨਾਲ ਕੰਮ ਕਰਦੇ ਅਤੇ ਭਾਰੀ ਨੁਕਸਾਨ ਕਰਦੇ ਹਨ, ਭਾਵੇਂ ਤਨਖ਼ਾਹ ਕੱਟ ਲਓ, ਸਜ਼ਾ ਦੇ ਦਿਓ, ਕੋਈ ਫਰਕ ਨਹੀਂ ਪੈਂਦਾ, ਕਿਉਂਕਿ ਇਥੇ ਯੂਨੀਅਨ ਬਹੁਤ ਤਾਕਤਵਰ ਹੈ।

ਬਹੁਤ ਸੋਚਣ ਦੇ ਬਾਅਦ ਫਿਲਮ ਬਣਾਉਣੀ ਸ਼ੁਰੂ ਕੀਤੀ ਅਤੇ ਉਸ 'ਚ ਪਹਿਲਾਂ ਸੀਨ ਇਹ ਰੱਖਿਆ ਕਿ ਸਵੇਰੇ 9 ਵਜੇ ਹਨ, ਪਰ ਕੋਈ ਕੰਮ 'ਤੇ ਨਹੀਂ ਆਇਆ, ਦੂਜਾ ਸੀਨ 10 ਵਜੇ ਦਾ ਸੀ ਤੇ ਕੁਝ ਲੋਕ ਕੰਮ 'ਤੇ ਆਉਂਦੇ ਦਿਸੇ, ਇਸ ਦੇ ਬਾਅਦ 11 ਵਜੇ ਦਾ ਸੀਨ ਦਿਖਾਇਆ ਗਿਆ, ਜਿਸ 'ਚ ਸਾਰੇ ਕਰਮਚਾਰੀ ਕੰਮ ਉੱਤੇ ਆਉਂਦੇ ਅਤੇ ਆਪਣੀ ਡਿਊਟੀ ਕਰਦੇ ਦਿਸੇ। ਹੋ ਸਕਦਾ ਹੈ ਅੱਜ ਤੁਸੀਂ ਦੇਰ ਨਾਲ ਉਠੇ ਹੋਵੋ, ਕਿਸੇ ਘਰੇਲੂ ਕੰਮ ਕਿਤੇ ਜ਼ਰੂਰੀ ਜਾਣਾ ਹੋਵੇ, ਕੋਈ ਮਿਲਣ ਆ ਗਿਆ ਹੋਵੇ ਜਾਂ ਕਿਸੇ ਵੀ ਕਾਰਨ ਕੰਮ 'ਤੇ ਸਮੇਂ ਸਿਰ ਇਹ ਸੋਚ ਕੇ ਨਾ ਪਹੁੰਚ ਸਕੇ ਕਿ ਜਲਦੀ ਕੀ ਹੈ, ਚਲੇ ਜਾਵਾਂਗੇ, ਨੌਕਰੀ ਪੱਕੀ ਹੈ, ਪਰ ਧਿਆਨ ਰੱਖੋ ਕਿ ਕਿਤੇ ਕੰਮ 'ਤੇ ਦੇਰ ਨਾਲ ਜਾਣਾ ਤੁਹਾਡੀ ਆਦਤ ਨਾ ਬਣ ਜਾਵੇ ਤੇ ਕਿਤੇ ਅਜਿਹਾ ਹੋਇਆ ਤਾਂ ਜ਼ਿੰਦਗੀ 'ਚ ਤੁਸੀਂ ਸਾਰੀਆਂ ਥਾਵਾਂ 'ਤੇ ਦੇਰ ਨਾਲ ਪਹੁੰਚੋਗੇ, ਜਿਸ ਕਾਰਨ ਨਾ ਸਿਰਫ ਦੂਸਰਿਆਂ ਤੋਂ ਪਿੱਛੇ ਰਹਿ ਜਾਵੋਗੇ, ਸਗੋਂ ਹੋ ਸਕਦਾ ਹੈ ਕਿ ਤੁਹਾਡਾ ਕੋਈ ਬਹੁਤ ਵੱਡਾ ਨੁਕਸਾਨ ਹੋ ਜਾਵੇ।

ਇਹ ਫਿਲਮ ਰੋਜ਼ ਸ਼ੂਟ ਹੁੰਦੀ ਅਤੇ ਅਗਲੇ ਦਿਨ ਗੇਟ 'ਤੇ ਦਿਖਾਈ ਜਾਂਦੀ। ਕੁਝ ਦਿਨਾਂ 'ਚ ਲੱਗਭਗ 100 ਫੀਸਦੀ ਲੋਕ 9 ਵਜੇ ਆਉਣ ਲੱਗੇ। ਕਾਰਨ ਸੀ ਕਿ ਕੋਈ ਵੀ ਨਿੱਜੀ ਜ਼ਿੰਦਗੀ 'ਚ ਪਿੱਛੇ ਨਹੀਂ ਰਹਿਣਾ ਚਾਹੁੰਦਾ ਅਤੇ ਇਹ ਸਮਝ 'ਚ ਆਉਣ ਲੱਗਾ ਕਿ ਦੇਰੀ ਦੀ ਆਦਤ ਇੱਕ ਵਾਰ ਪੈ ਗਈ ਤਾਂ ਨੁਕਸਾਨ ਆਪਣਾ ਹੀ ਹੋਣਾ ਹੈ। ਕੋਈ ਵੀ ਕਰਮਚਾਰੀ 10 ਜਾਂ 11 ਵਜੇ ਕੰਮ 'ਤੇ ਆਉਂਦਾ ਦਿਖਾਈ ਦੇਣਾ ਨਹੀਂ ਚਾਹੁੰਦਾ ਸੀ।

ਦੂਜੀ ਸਮੱਸਿਆ ਨੂੰ ਹੱਲ ਕਰਨ ਲਈ ਟਰੇਨਿੰਗ ਫਿਲਮ ਬਣਾਈ, ਜਿਸ 'ਚ ਵਿਸਥਾਰ ਨਾਲ ਉਤਪਾਦ ਬਣਾਉਣ ਦੀ ਪ੍ਰਕਿਰਿਆ ਦਿਖਾਈ ਗਈ ਅਤੇ ਉਸ ਨੂੰ ਟੀ ਵੀ ਰੂਮ 'ਚ ਸਾਰਿਆਂ ਦੇ ਦੇਖਣ ਲਈ ਰੱਖ ਦਿੱਤਾ। ਇਸ ਨਾਲ ਇਹ ਸੰਦੇਸ਼ ਵਾਲੀ ਫਿਲਮ ਸਾਰਿਆਂ ਨੂੰ ਦਿੱਤੀ ਗਈ ਕਿ ਜੇ ਤੁਹਾਡੀ ਸਮਝ 'ਚ ਪ੍ਰੋਸੈਸ ਨਾ ਆਵੇ ਜਾਂ ਕਿਤੇ ਅਟਕ ਜਾਓ ਤਾਂ ਤੁਰੰਤ ਕੰਮ ਬੰਦ ਕਰ ਦਿਓ ਅਤੇ ਇਸ ਦੇ ਲਈ ਤੁਹਾਡੇ ਕੋਲੋਂ ਨਾ ਕੁਝ ਪੁੱਛਿਆ ਜਾਵੇਗਾ ਅਤੇ ਨਾ ਪ੍ਰੋਡਕਸ਼ਨ 'ਚ ਕਮੀ ਦੀ ਜ਼ਿੰਮੇਵਾਰੀ ਤੁਹਾਡੀ ਹੋਵੇਗੀ। ਤੁਸੀਂ ਬਸ ਇਹ ਕਰਨਾ ਹੈ ਕਿ ਕੰਮ ਰੋਕਣ ਤੋਂ ਬਾਅਦ ਟੀ ਵੀ ਰੂਮ ਵਿੱਚ ਜਾ ਕੇ ਟਰੇਨਿੰਗ ਫਿਲਮ ਦੇਖੋ ਅਤੇ ਸਮਝੋ ਕਿ ਤੁਸੀਂ ਕੀ ਗਲਤੀ ਕਰ ਰਹੇ ਸੀ ਤੇ ਫਿਰ ਉਸ ਦੇ ਅਨੁਸਾਰ ਆਪਣਾ ਕੰਮ ਕਰੋ। ਫਿਰ ਵੀ ਉਤਪਾਦ ਠੀਕ ਨਾ ਬਣੇ ਤਾਂ ਆਪਣੇ ਸੁਪਰਵਾਈਜ਼ਰ ਨੂੰ ਸੂਚਿਤ ਕਰ ਦਿਓ ਅਤੇ ਜਦੋਂ ਤੱਕ ਹੱਲ ਨਾ ਨਿਕਲੇ, ਕੁਝ ਨਾ ਕਰੋ। ਇਸ ਫਿਲਮ ਦਾ ਅਸਰ ਇਹ ਹੋਇਆ ਕਿ ਪ੍ਰੋਡਕਸ਼ਨ ਤਾਂ ਵਧੀ, ਨਾਲ ਸਹੀ ਕੁਆਲਿਟੀ ਦੀ ਵੀ ਬਣਨ ਲੱਗੀ। ਇਹ ਕਿੱਸਾ ਸੁਣਾਉਣ ਦਾ ਭਾਵ ਇਹ ਹੈ ਕਿ ਕਾਨੂੰਨ ਬਣਾਉਣ ਵਾਲੇ ਕੋਈ ਵੀ ਨਿਯਮ ਬਣਾਉਣ ਤੋਂ ਪਹਿਲਾਂ ਇਹ ਯਕੀਨੀ ਨਹੀਂ ਕਰਦੇ ਕਿ ਉਸ ਦਾ ਪਾਲਣ ਕਰਨ 'ਚ ਕੋਈ ਦਿੱਕਤ ਤਾਂ ਨਹੀਂ ਆਵੇਗੀ, ਬਸ ਉਸ ਦਾ ਐਲਾਨ ਕਰ ਦਿੰਦੇ ਹਨ।


ਜਿਸ ਦੇਸ਼ 'ਚ ਪ੍ਰਧਾਨ ਮੰਤਰੀ ਨੂੰ ਚੋਣ ਜਿੱਤਣ ਲਈ ਇਹ ਕਹਿਣਾ ਪਵੇ ਕਿ ਉਨ੍ਹਾਂ ਦੀ ਪਾਰਟੀ ਨੂੰ ਵੋਟ ਪਾਉਣ 'ਤੇ ਕੋਰੋਨਾ ਦੀ ਦਵਾਈ ਮੁਫਤ ਮਿਲੇਗੀ, ਬਿਨਾਂ ਕਿਸੇ ਠੋਸ ਯੋਜਨਾ ਦੇ ਲੱਖਾਂ ਲੋਕਾਂ ਨੂੰ ਰੋਜ਼ਗਾਰ ਦੇਣ ਦਾ ਵਾਅਦਾ ਕਰਕੇ ਵੋਟਾਂ ਬਟੋਰਨ ਲਈ ਲਾਲੀਪਾਪ ਦਿੱਤਾ ਜਾਂਦਾ ਹੋਵੇ, ਯੋਗਤਾ ਦੀ ਬਜਾਏ ਭਾਈ-ਭਤੀਜਾਵਾਦ, ਧਨ, ਬਾਹੂਬਲ ਤੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੋਵੇ, ਉਥੇ ਕਾਨੂੰਨ ਨੂੰ ਟਿੱਚ ਜਾਣਨ ਦਾ ਰਿਵਾਜ਼ ਤਾਂ ਹੋਵੇਗਾ, ਅਪਰਾਧੀਆਂ ਦਾ ਵਿਧਾਨ ਸਭਾ ਅਤੇ ਪਾਰਲੀਮੈਂਟ ਦੇ ਮੈਂਬਰ ਬਣ ਜਾਣਾ ਮਾਮੂਲੀ ਗੱਲ ਹੈ! ਨਿਯਮ ਕਾਨੂੰਨ ਦੀ ਅਣਦੇਖੀ ਦਾ ਨਤੀਜਾ ਟੈਕਸ ਚੋਰੀ, ਘਟੀਆ ਉਤਪਾਦਨ, ਅਸੁਰੱਖਿਅਤ ਸਮੱਗਰੀ ਅਤੇ ਜਾਨ ਦਾ ਜੋਖਮ ਤਾਂ ਹੁੰਦਾ ਹੈ, ਨਾਲ ਜਿੱਥੋਂ ਖਰੀਦੋ, ਉਹ ਹੀ ਸਾਮਾਨ ਮਿਲਦਾ ਹੈ, ਜਿਸ ਨੂੰ ਬਣਾਉਣ ਸਮੇਂ ਕੁਆਲਿਟੀ ਦਾ ਨਹੀਂ, ਸਗੋਂ ਵੱਧ ਤੋਂ ਵੱਧ ਮੁਨਾਫਾ ਕਮਾਉਣ ਦਾ ਧਿਆਨ ਰੱਖਿਆ ਜਾਂਦਾ ਹੈ।

ਕਿਸੇ ਵੀ ਕਾਨੂੰਨ ਦੀ ਅਵੱਗਿਆ, ਉਸ ਦਾ ਵਿਰੋਧ, ਅੰਦੋਲਨ ਜਾਂ ਉਸ ਦਾ ਕੂੜੇ ਦੀ ਟੋਕਰੀ 'ਚ ਸੁੱਟ ਦਿੱਤਾ ਜਾਣਾ ਅਤੇ ਉਸਦ ੀ ਵਰਤੋਂ ਸਿਰਫ ਉਦੋਂ ਕਰਨੀ, ਜਦੋਂ ਉਸ ਨਾਲ ਕਿਸੇ ਪਾਰਟੀ, ਸਰਕਾਰ ਜਾਂ ਸੱਤਾਧਾਰੀਆਂ ਦਾ ਮਤਲਬ ਪੂਰਾ ਹੁੰਦਾ ਹੋਵੇ ਜਾਂ ਆਮ ਜਨਤਾ ਨੂੰ ਆਪਣੀ ਤਾਕਤ ਦਾ ਅਹਿਸਾਸ ਕਰਵਾਉਣਾ ਹੋਵੇ, ਉਦੋਂ ਹੀ ਅਜਿਹੇ ਹਾਲਾਤ ਬਣਦੇ ਹਨ, ਜਿਨ੍ਹਾਂ ਨਾਲ ਅਰਾਜਕਤਾ ਫੈਲਦੀ ਹੈ।

ਵੱਡਾ ਹੋਵੇ ਜਾਂ ਛੋਟਾ, ਕੋਈ ਵੀ ਕਾਨੂੰਨ ਹੋਵੇ, ਜਿਵੇਂ ਨੋਟਬੰਦੀ, ਜੀ ਐਸ ਟੀ ਨਾਗਰਿਕਤਾ ਤੋਂ ਨਵੇਂ ਖੇਤੀਬਾੜੀ ਕਾਨੂੰਨ ਦੀ ਫਜ਼ੀਹਤ ਜਾਂ ਫਿਰ ਟੈਕਸ 'ਚ ਰਾਹਤ ਦੇ ਨਾਂ 'ਤੇ ਸ਼ਿਕੰਜੇ ਨੂੰ ਹੋਰ ਵੱਧ ਮਜ਼ਬੂਤ ਕਰਨਾ, ਆਮ ਵਿਅਕਤੀ ਨੂੰ ਇਹ ਜਾਪਣਾ ਕਿ ਕਾਨੂੰਨ ਜਾਂ ਨਿਯਮ ਅਣਵਿਹਾਰਿਕ ਹੀ ਨਹੀਂ, ਅਨੈਤਿਕ ਵੀ ਹੈ ਤਾਂ ਫਿਰ ਗੜਬੜ ਹੋਵੇਗੀ ਹੀ, ਕਾਨੂੰਨ ਤੋੜਨਾ ਹੀ ਬਦਲ ਬਣ ਜਾਵੇਗਾ ਅਤੇ ਤਰੱਕੀ ਦੇ ਰਸਤੇ ਬੰਦ ਹੋਣ ਦੀ ਨੌਬਤ ਤਾਂ ਆਵੇਗੀ ਹੀ, ਅਜਿਹੀ ਹਾਲਤ 'ਚ ਖੁਦ ਨੂੰ ਕੋਸਣ ਜਾਂ ਫਿਰ ਬਗਾਵਤ ਤੱਕ ਕਰਨ ਤੋਂ ਇਲਾਵਾ ਹੋਰ ਕੁਝ ਉਪਾਅ ਬੱਚਦਾ ਹੀ ਕਿੱਥੇ ਹੈ।

# 14 ਫਰਜ਼ੀ ਕੰਪਨੀਆਂ ਬਣਾ ਕੇ 252 ਕਰੋੜ ਦੀ ਬੋਗਸ ਬਿਲਿੰਗ

ਲੁਧਿਆਣਾ, 12 ਨਵੰਬਰ (ਪੋਸਟ ਬਿਊਰੋ)- ਸੈਂਟਰਲ ਜੀ ਐਸ ਟੀ ਕਮਿਸ਼ਨਰੇਟ ਨੇ ਇੱਕ ਵੱਡੀ ਕਾਰਵਾਈ ਕਰਦੇ ਹੋਏ ਸੁਨੀਲ ਜੈਨ ਨਾਂਅ ਦੇ ਕਾਰੋਬਾਰੀ ਨੂੰ ਗ੍ਰਿਫਤਾਰ ਕਰ ਲਿਆ ਹੈ, ਜੋ ਵੱਡੇ ਪੱਧਰ ’ਤੇ ਬੋਗਸ ਬਿਲਿੰਗ ਦਾ ਕਾਰੋਬਾਰ ਕਰ ਰਿਹਾ ਸੀ। ਦੋਸ਼ੀ ਨੂੰ ਕੋਰਟ ਵਿੱਚ ਪੇਸ਼ ਕਰ ਕੇ 14 ਦਿਨ ਦੀ ਜੁਡੀਸ਼ਲ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ। ਦੋਸ਼ੀ ਉਤੇ 14 ਫਰਜ਼ੀ ਕੰਪਨੀਆਂ ਬਣਾ ਕੇ 252 ਕਰੋੜ ਦੀ ਬੋਗਸ ਬਿਲਿੰਗ ਕਰਨ ਦਾ ਦੋਸ਼ ਹੈ। ਪ੍ਰਿੰਸੀਪਲ ਕਮਿਸ਼ਨਰ ਸੀ ਜੀ ਐਸ ਟੀ ਆਸ਼ੂਤੋਸ਼ ਬਰਨਵਾਲ ਨੇ ਦੱਸਿਆ ਕਿ ਵਿਭਾਗ ਦੇ ਐਂਟੀ ਅਵਨੇਜਨ ਵਿੰਗ ਨੇ ਕਾਰਵਾਈ ਕਰਦੇ ਹੋਏ ਸਾਹਿਲ ਜੈਨ ਨਾਂਅ ਦਾ ਕਾਰੋਬਾਰੀ ਗ੍ਰਿਫਤਾਰ ਕੀਤਾ ਹੈ, ਜਿਸ ਨੇ ਆਪਣੇ ਅਤੇ ਆਪਣੇ ਪਰਵਾਰ ਦੇ ਹੋਰਨਾਂ ਮੈਂਬਰਾਂ ਦੇ ਨਾਂਅ ’ਤੇ 14 ਕੰਪਨੀਆਂ ਬਣਾਈਆਂ ਸਨ। ਇਨ੍ਹਾਂ ਕੰਪਨੀਆਂ ਵਿੱਚ ਦੋਸ਼ੀ ਨੇ ਅੱਜ ਤੱਕ 252 ਕਰੋੜ ਦੀ ਬੋਗਸ ਬਿਲਿੰਗ ਕੀਤੀ ਸੀ, ਜਿਸ ਰਾਹੀਂ ਉਸ ਨੇ ਸਰਕਾਰ ਦਾ 17.63 ਕਰੋੜ ਰੁਪਏ ਜੀ ਐਸ ਟੀ ਹੜੱਪ ਕਰ ਲਿਆ। ਦੋਸ਼ੀ ਦੇ ਕੋਲੋਂ 1.23




ਕਰੋੜ ਰੁਪਏ ਰਿਕਵਰ ਵੀ ਹੋ ਚੁੱਕੇ ਹਨ। ਪੁੱਛਗਿੱਛ ਦੇ ਦੌਰਾਨ ਦੋਸ਼ੀ ਨੇ ਆਪਣਾ ਦੋਸ਼ ਕਬੂਲ ਲਿਆ ਹੈ। ਮਾਮਲੇ ਦੀ ਜਾਂਚ ਜਾਰੀ ਹੈ। ਉਮੀਦ ਹੈ ਕਿ ਅੱਗੇ ਇਸ ਮਾਮਲੇ ਵਿੱਚ ਵੱਡੇ ਖੁਲਾਸੇ ਹੋ ਸਕਦੇ ਹਨ।


ਵਿਭਾਗ ਨੇ ਬੋਗਸ ਬਿਲਿੰਗ ਦੇ ਕੇਸ ਵਿੱਚ ਪਰਦਾ ਫਾਸ਼ ਕਰਨ ਦੇ ਲਈ ਬਿਜ਼ਨਸ ਇੰਟੈਲੀਜੈਂਸ ਐਂਡ ਫਰਾਡ ਐਂਡ ਐਨਾਲਿਟਿਕਸ (ਬੀ ਆਈ ਐਫ ਏ) ਨਾਂਅ ਦੀ ਲੇਟੈਸਟ ਤਕਨੀਕ ਦੀ ਮਦਦ ਨਾਲ ਇਨ੍ਹਾਂ ਕੰਪਨੀਆਂ ਵੱਲੋਂ ਕੀਤੀ ਜਾਂਦੀ ਬਿਲਿੰਗ ਦਾ ਸਾਰਾ ਡਾਟਾ ਐਨਲਾਈਜ਼ ਕੀਤਾ ਹੈ। ਐਸ ਜੀ ਐਸ ਟੀ ਵਿਭਾਗ ਫਿਲਹਾਲ ਇਸ ਤਕਨੀਕ ਦੀ ਜਾਣਕਾਰੀ ਦੇਣ ਤੋਂ ਬਚ ਰਿਹਾ ਹੈ। ਦੋਵਾਂ ਵਿਭਾਗਾਂ ਨੇ ਬੋਗਸ ਬਿਲਿੰਗ ਦੇ ਕੇਸ ਦੀ ਜਾਣਕਾਰੀ ਡਾਇਰੈਕਟੋਰੇਟ ਜਨਰਲ ਆਫ ਜੀ ਐਸ ਟੀ ਇੰਟੈਲੀਜੈਂਸ (ਡੀ ਜੀ ਜੀ ਆਈ) ਨੂੰ ਦੇ ਦਿੱਤੀ ਹੈ। ਸੀ ਜੀ ਐਸ ਟੀ ਨੇ ਸਾਹਿਲ ਜੈਨ ਦੇ ਚਾਰਟਰਡ ਅਕਾਊਂਟੈਂਟ (ਸੀ ਏ) ਨੂੰ ਵੀ ਹਿਰਾਸਤ ਵਿੱਚ ਲੈ ਲਿਆ ਹੈ। ਵਿਭਾਗ ਨੂੰ ਸ਼ੱਕ ਹੈ ਕਿ ਸਾਹਿਲ ਜੈਨ ਦਾ ਸੀ ਏ ਬੋਗਸ ਬਿਲਿੰਗ ਦੀ ਖੇਡ ਵਿੱਚ ਬਰਾਬਰ ਦਾ ਭਾਈਵਾਲ ਸੀ। ਉਕਤ ਸੀ ਏ ਹੀ ਸਾਹਿਲ ਦੀਆਂ ਸਾਰੀਆਂ ਕੰਪਨੀਆਂ ਦਾ ਲੇਖਾ-ਜੋਖਾ ਦੇਖਦਾ ਸੀ। ਉਸ ਨੂੰ ਹਰ ਬਿਲਿੰਗ ਦੇ ਬਾਰੇ ਵਿੱਚ ਪੂਰੀ ਜਾਣਕਾਰੀ ਦਿੱਤੀ ਜਾਂ ਸੀ।

## ਆਲ ਇੰਡੀਆ ਕਿਸਾਨ ਸੰਘਰਸ਼ ਤਾਲਮੇਲ ਕਮੇਟੀ ਰਾਸ਼ਟਰਪਤੀ ਨੂੰ ਇੱਕ ਲੱਖ ਈਮੇਲਾਂ ਭੇਜੇਗੀ

ਚੰਡੀਗੜ੍ਹ, 12 ਨਵੰਬਰ (ਪੋਸਟ ਬਿਊਰੋ)- ਰਾਸ਼ਟਰੀ ਪੱਧਰ ਉਤੇ ਕਿਸਾਨਾਂ ਦੇ ਸੰਘਰਸ਼ਾਂ ਵਿੱਚ ਸਹਿਯੋਗ ਦੇਣ ਵਾਲੇ ਸੰਗਠਨ ਆਲ ਇੰਡੀਆ ਕਿਸਾਨ ਸੰਘਰਸ਼ ਕੋਆਰਡੀਨੇਸ਼ਨ ਕਮੇਟੀ ਨੇ ਪੰਜਾਬ ਵਿੱਚ ਕਿਸਾਨਾਂ ਦੇ ਸੰਘਰਸ਼ ਨੂੰ ਦਬਾਉਣ ਲਈ ਕੇਂਦਰ ਸਰਕਾਰ ਵੱਲੋਂ ਰੇਲਾਂ ਨਾ ਚਲਾਉਣ ਦੀ ਨੀਤੀ ਦਾ ਸਖ਼ਤ ਵਿਰੋਧ ਪ੍ਰਗਟ ਕੀਤਾ ਹੈ।

ਕਮੇਟੀ ਦੇ ਨੈਸ਼ਨਲ ਵਰਕਿੰਗ ਗਰੁੱਪ ਮੈਂਬਰ ਡਾ. ਦਰਸ਼ਨ ਪਾਲ ਨੇ ਕਿਹਾ ਕਿ ਕਿਸਾਨਾਂ ਦੇ ਸਮੱਰਥਨ ਵਿੱਚ ਅਤੇ ਕੇਂਦਰ ਸਰਕਾਰ ਦੀ ਨੀਤੀ ਦੇ ਵਿਰੁੱਧ 1 ਲੱਖ ਈਮੇਲ ਦੇਸ਼ ਦੇ ਰਾਸ਼ਟਰਪਤੀ ਨੂੰ ਭੇਜੀਆਂ ਜਾਣਗੀਆਂ ਅਤੇ ਮੰਗ ਕੀਤੀ ਜਾਵੇਗੀ ਕਿ ਪੰਜਾਬ ਵਿੱਚ ਕੇਂਦਰ ਸਰਕਾਰ ਵੱਲੋਂ ਬਦਲਾਖੋਰੀ ਦੇ ਤਹਿਤ ਰੋਕੀਆਂ ਗਈਆਂ ਮਾਲ ਗੱਡੀਆਂ ਦੀ ਆਵਾਜਾਈ ਨੂੰ ਬਹਾਲ ਕੀਤਾ ਜਾਵੇ।ਡਾ. ਦਰਸ਼ਨ ਪਾਲ ਨੇ ਕੱਲ੍ਹ ਇੱਕ ਵਰਚੁਅਲ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਪੰਜਾਬ ਨੂੰ ਜ਼ਰੂਰੀ ਵਸਤਾਂ ਦੀ ਸਪਲਾਈ ਵਿੱਚ ਅੜਚਣ ਪਾ ਕੇ ਨਾ ਸਿਰਫ਼ ਕੇਂਦਰ ਸਰਕਾਰ ਆਪਣਾ ਅੜੀਅਲ ਰਵੱਈਆ ਜ਼ਾਹਿਰ ਕਰ ਰਹੀ ਹੈ, ਸਗੋਂ ਇਸ ਨਾਲ ਕਿਸਾਨਾਂ ਸਮੇਤ ਸੂਬੇ ਦੇ ਸਾਰੇ ਵਰਗਾਂ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 12 ਨਵੰਬਰ ਨੂੰ ਕਿਸਾਨ ਏਕਤਾ ਦਿਵਸ ਦੇ ਤੌਰ ’ਤੇ ਮਨਾਇਆ ਜਾਵੇਗਾ।

## ਮੈਰਿਜ ਪੈਲੇਸ ਦੇ ਚੌਕੀਦਾਰ ਦੀ ਹੱਤਿਆ




ਪਟਿਆਲਾ, 12 ਨਵੰਬਰ (ਪੋਸਟ ਬਿਊਰੋ)- ਥਾਣਾ ਸ਼ੰਭੂ ਦੇ ਪਿੰਡ ਮਦਨਪੁਰ ਦੇ ਮੈਰਿਜ ਪੈਲੇਸ ਉੱਤੇ ਚੌਕੀਦਾਰੀ ਕਰਨ ਵਾਲੇ 42 ਸਾਲਾ ਰਣਬੀਰ ਸਿੰਘ ਵਾਸੀ ਬਿਲਾਸਪੁਰ, ਹਿਮਾਚਲ ਪ੍ਰਦੇਸ਼ ਦੇ ਸਿਰ ’ਤੇ ਐਤਵਾਰ ਰਾਤ ਨੂੰ ਕਹੀ ਨਾਲ ਵਾਰ ਕਰ ਕੇ 17 ਸਾਲਾ ਲੜਕੇ ਨੇ ਕਤਲ ਕਰ ਦਿੱਤਾ। ਪੁਲਸ ਜਾਂਚ ਵਿੱਚ ਪਤਾ ਲੱਗਾ ਹੈ ਕਿ ਕਰੀਬ ਦੋ ਮਹੀਨੇ ਪਹਿਲਾਂ ਦੋਸ਼ੀ ਨੇ ਚੌਕੀਦਾਰ ਦਾ ਮੋਬਾਈਲ ਚੋਰੀ ਕੀਤਾ ਸੀ, ਜੋ ਬਾਅਦ ਵਿੱਚ ਮਿਲ ਗਿਆ ਸੀ। ਚੌਕੀਦਾਰ ਉਸ ਨੂੰ ਕਿਸੇ ਨਾ ਕਿਸੇ ਗੱਲ ਉਤੇ ਚੋਰੀ ਦਾ ਤਾਅਨਾ ਮਾਰਦਾ ਰਹਿੰਦਾ ਸੀ। ਐਤਵਾਰ ਨੂੰ ਵਾਰਦਾਤ ਤੋਂ ਪਹਿਲਾਂ ਦੋਵਾਂ ਨੇ ਸ਼ਰਾਬ ਪੀਤੀ ਸੀ। ਇਸ ਦੌਰਾਨ ਵੀ ਰਣਬੀਰ ਨੇ ਦੋਸ਼ੀ ਨੂੰ ਚੋਰੀ ਦਾ ਤਾਅਨਾ ਮਾਰਿਆ ਸੀ। ਘਟਨਾ ਦੀ ਜਾਣਕਾਰੀ ਸਵੇਰੇ ਪੈਲੇਸ ਵਿੱਚ ਪਹੁੰਚੇ ਮਾਲਕ ਨੇ ਖ਼ੂਨ ਨਾਲ ਲਥਪਥ ਪਈ ਲਾਸ਼ ਨੂੰ ਦੇਖ ਕੇ ਦਿੱਤੀ। ਪੁਲਸ ਨੇ ਸੀ ਸੀ ਟੀ ਵੀ ਫੁਟੇਜ ਦੇਖ ਕੇ ਦੋਸ਼ੀ ਲੜਕੇ ਦੀ ਸ਼ਨਾਖਤ ਕੀਤੀ ਅਤੇ ਪਾਤੜਾਂ ਤੋਂ ਗ੍ਰਿਫਤਾਰ ਕਰ ਲਿਆ। ਪੈਲੇਸ ਮਾਲਕ ਸਤਵਿੰਦਰ ਸਿੰਘ ਵਾਸੀ ਰਾਜਪੁਰਾ ਨੇ ਪੁਲਸ ਨੂੰ ਦੱਸਿਆ ਕਿ ਰਣਬੀਰ ਸਿੰਘ ਪਿਛਲੇ ਕਰੀਬ ਤਿੰਨ ਸਾਲ ਤੋਂ ਉਨ੍ਹਾਂ ਦੇ ਕੋਲ ਚੌਕੀਦਾਰੀ ਦਾ ਕੰਮ ਕਰਦਾ ਸੀ।

## ਬਲਾਤਕਾਰ ਦੇ ਯਤਨ ਵਿੱਚ ਬੇਹੋਸ਼ ਕੁੜੀ ਦਾ ਗਲਾ ਘੁੱਟ ਕੇ ਥਾਣੇਜਾ ਪੁੱਜਿਆ

ਲੁਧਿਆਣਾ, 12 ਨਵੰਬਰ (ਪੋਸਟ ਬਿਊਰੋ)- ਇਸ ਮਹਾਂਨਗਰ ’ਚ ਛੇੜਛਾੜ ਅਤੇ ਬਲਾਤਕਾਰ ਦੀਆਂ ਘਟਨਾਵਾਂ ਵਿੱਚ ਦਿਨ ਬ ਦਿਨ ਵਾਧਾ ਹੁੰਦਾ ਜਾ ਰਿਹਾ ਹੈ। ਹੀਰਾਨਗਰ ਇਲਾਕੇ ਦੇ ਵਿਹੜੇ ਵਿੱਚ ਰਹਿੰਦੇ ਵਿਅਕਤੀ ਨੇ ਉਸੇ ਵਿਹੜੇ ਵਿੱਚ ਰਹਿੰਦੀ 14 ਸਾਲਾ ਬੱਚੀ ਨੂੰ ਕਮਰੇ ਵਿੱਚ ਲਿਜਾ ਕੇ ਉਸ ਨਾਲ ਬਲਾਤਕਾਰ ਦੀ ਕੋਸ਼ਿਸ਼ ਕੀਤੀ। ਕੁੜੀ ਨੇ ਰੌਲਾ ਪਾਇਆ ਤਾਂ ਉਸ ਨੇ ਕਮਰੇ ਵਿੱਚ ਤੇਜ਼ ਆਵਾਜ਼ ਵਿੱਚ ਸੰਗੀਤ ਵਜਾ ਦਿੱਤਾ।ਕੁੜੀ ਨੇ ਵਿਰੋਧ ਜਾਰੀ ਰੱਖਿਆ ਤਾਂ ਉਸ ਨੇ ਉਸ ਦਾ ਗਲਾ ਘੁੱਟ ਦਿੱਤਾ ਤੇ ਉਸ ਨੂੰ ਮਰੀ ਸਮਝ ਕੇ ਖੁਦ ਥਾਣੇ ਚਲਾ ਗਿਆ। ਦੂਜੇ ਪਾਸੇ ਹੋਸ਼ ਵਿੱਚ ਆਈ ਕੁੜੀ ਨੇ ਕਮਰੇ ਅੰਦਰੋਂ ਦਰਵਾਜ਼ਾ ਖੜਕਾਉਣਾ ਸ਼ੁਰੂ ਕਰ ਦਿੱਤਾ ਤਾਂ ਸਾਰੇ ਭੇਦਤੋਂ ਪਰਦਾ ਚੁੱਕਿਆ ਗਿਆ। ਥਾਣਾ ਮੋਤੀ ਨਗਰ ਦੀ ਪੁਲਸ ਨੇ ਦੋਸ਼ੀ ਨੂੰ ਕਾਬੂ ਕਰ ਲਿਆ ਹੈ ਤੇ ਕੇਸ ਦਰਜ ਕਰ ਕੇ ਪੜਤਾਲ ਸ਼ੁਰੂ ਕਰ ਦਿੱਤੀ ਹੈ।

ਐਸ ਐਚ ਓ ਸਿਮਰਜੀਤ ਕੌਰ ਨੇ ਦੱਸਿਆ ਕਿ ਦੋਸ਼ੀ ਦੀ ਪਛਾਣ ਹੀਰਾ ਨਗਰ ਵਾਸੀ ਮੁੰਨਾ ਦੇ ਤੌਰ ’ਤੇ ਹੋਈ ਹੈ। ਮੁੰਨਾ ਉਥੇ ਪਤਨੀ ਅਤੇ ਬੱਚਿਆਂ ਨਾਲ ਰਹਿੰਦਾ ਹੈ। ਬੀਤੇ ਦੋ ਮਹੀਨਿਆਂ ਤੋਂ ਮੁੰਨਾ ਦੀ ਪਤਨੀ ਅਤੇ ਬੱਚੇ ਪਿੰਡ ਗਏ ਹੋਏ ਸਨ ਤੇ ਉਹ ਇਕੱਲਾ ਰਹਿੰਦਾ ਸੀ। ਮੰਗਲਵਾਰ ਰਾਤ ਸ਼ਿਕਾਇਤਕਰਤਾ ਵਿਅਕਤੀ ਦੀ ਨਾਬਾਲਗ ਧੀ ਵਿਹੜੇ ਵਿੱਚ ਘੁੰਮ ਰਹੀ ਸੀ ਤਾਂ ਮੁੰਨਾ ਉਸ ਨੂੰ ਬਹਾਨੇ ਨਾਲ ਕਮਰੇ ਵਿੱਚ ਲੈ ਗਿਆ ਅਤੇ ਉਚੀ ਆਵਾਜ਼ ਵਿੱਚ ਸੰਗੀਤ ਵਜਾ ਦਿਤਾ। ਫਿਰ ਉਸ ਨੇ ਕੁੜੀ ਨੂੰ ਕੁੱਟਿਆ ਤੇ ਗਲਾ ਘੁੱਟ ਦਿੱਤਾ ਤੇ ਭੱਜ ਗਿਆ।ਕਮਰੇ ਵਿੱਚ ਕੁੜੀ ਬੇਹੋਸ਼ ਹੋ ਗਈ, ਜਦ ਕਿ ਕੁੜੀ ਦੀ ਮਾਂ ਆਪਣੀ ਧੀ ਨੂੰ ਲੱਭਦਿਆਂ ਮੁੰਨਾ ਦੇ ਕਮਰੇ ਕੋਲੋਂ ਲੰਘੀ ਤਾਂ ਅੰਦਰੋਂ ਦਰਵਾਜ਼ਾ ਖੜਕਣ ਦੀ ਆਵਾਜ਼ ਉਸ ਦੇ ਕੰਨੀਂ ਪੈ ਗਈ। ਦੂਜੇ ਪਾਸੇ ਮੁੰਨਾ ਕੁੜੀ ਨੂੰ ਮਰੀ ਸਮਝ ਕੇ ਥਾਣੇ ਜਾ ਚੁੱਕਾ ਸੀ। ਥਾਣਾ ਮੋਤੀ ਨਗਰ ਦੀ ਪੁਲਸ ਮੁੰਨਾ ਨੂੰ ਨਾਲ ਲੈ ਕੇ ਉਸ ਦੇ ਕੁਆਰਟਰ ਵਿੱਚ ਗਈ ਤਾਂ ਉਥੇ ਵਿਹੜੇ ਵਿੱਚ ਸਥਿਤੀ ਬਦਲ ਚੁੱਕੀ ਸੀ।

## ਖੰਡ ਮਿੱਲਾਂ ਅਜੇ ਵੀ ਦੱਬੀ ਬੈਠੀਆਂ ਹਨ ਕਿਸਾਨਾਂ ਦੇ ਢਾਈ ਅਰਬ ਰੁਪਏ

ਚੰਡੀਗੜ੍ਹ, 12 ਨਵੰਬਰ (ਪੋਸਟ ਬਿਊਰੋ)- ਪੰਜਾਬ ਦੀਆਂ ਖੰਡ ਮਿੱਲਾਂ ਨੇ ਗੰਨਾ ਮੁੜ ਪੀੜਨਾ ਸ਼ੁਰੂ ਕਰ ਦਿੱਤਾ ਹੈ, ਪਰ ਅਜੇ ਵੀ ਪਿਛਲੇ ਸੀਜ਼ਨ ਦੇ ਕਿਸਾਨਾਂ ਦੇ ਪੌਣੇ ਤਿੰਨ ਅਰਬ ਰੁਪਏ ਮਿੱਲਾਂ ਵੱਲ ਬਕਾਇਆ ਖੜ੍ਹੇ ਹਨ।



ਸਰਕਾਰੀ ਸੂਤਰਾਂ ਮੁਤਾਬਿਕ 110 ਕਰੋੜ ਰੁਪਏ ਕੋਆਪਰੇਟਿਵ ਮਿੱਲਾਂ ਵੱਲ ਬਕਾਇਆ ਹਨ ਅਤੇ ਕਰੀਬ 150 ਕਰੋੜ ਰੁਪਏ ਤੋਂ ਵੱਧ ਨਿੱਜੀ ਮਿੱਲਾਂ ਵੱਲ ਬਕਾਏ ਹਨ। ਫਗਵਾੜੇ ਦੀ ਇਕੱਲੀ ਵਾਹਦ ਐਂਡ ਸੰਧਰ ਸ਼ੂਗਰ ਮਿੱਲ ਵੱਲ ਹੀ ਕਿਸਾਨਾਂ ਦੇ ਬਕਾਏ ਦੇ 73 ਕਰੋੜ ਰੁਪਏ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਬਕਾਏ ਵਿੱਚ ਬਹੁਤੀ ਰਕਮ ਤਾਂ ਬੀਤੇ ਸੀਜ਼ਨ ਦੀ ਹੈ, ਪਰ ਕੁਝ ਰਕਮ ਇਸ ਤੋਂ ਪਿਛਲੇ ਸਾਲ ਦੀ ਖੜ੍ਹੀ ਹੈ। ਕਿਸਾਨ ਆਪਣੀ ਗੰਨੇ ਦੀ ਫ਼ਸਲ ਦੀ ਕੀਮਤ ਹਾਸਲ ਕਰਨ ਲਈ ਪਿਛਲੇ 1 ਸਾਲ ਵਿੱਚ ਕਈ ਵਾਰ ਸੜਕਾਂ ਉਪਰ ਧਰਨੇ ਲਾ ਚੁੱਕੇ ਹਨ, ਪਰ ਮਿੱਲ ਮਾਲਕਾਂ ਅਤੇ ਸਰਕਾਰ ਦੇ ਕੰਨਾਂ ’ਤੇ ਜੂੰ ਨਹੀਂ ਸਰਕੀ। ਭਾਰਤੀ ਕਿਸਾਨ ਯੂਨੀਅਨ (ਦੁਆਬਾ) ਦੇ ਆਗੂ ਸਤਨਾਮ ਸਿੰਘ ਸਾਹਨੀ ਨੇ ਕਿਹਾ ਕਿ ਕਿਸਾਨ ਕਰਜ਼ੇ ਚੁੱਕ ਕੇ ਫ਼ਸਲ ਪਾਲਦੇ ਹਨ ਤੇ ਕੋਆਪਰੇਟਿਵਬੈਂਕਾਂ ਹਰ ਛਿਮਾਹੀ ਸਮੇਤ ਵਿਆਜ ਵਸੂਲਦੀਆਂ ਹਨ, ਪਰ ਮਿੱਲਾਂ ਵਾਲੇ ਕਿਸਾਨਾਂ ਨੂੰ ਸਾਲ-ਸਾਲ, ਦੋ-ਦੋ ਸਾਲ ਕੀਮਤ ਵੀ ਨਹੀਂ ਦਿੰਦੇ। ਉਨ੍ਹਾਂ ਕਿਹਾ ਕਿ ਮਿੱਲਾਂ ਵਾਲੇ ਕਿਸਾਨਾਂ ਦੇ ਬਕਾਏ ਨਾ ਦੇ ਕੇ ਅਰਬਾਂ ਰੁਪਏ ਮੁਫ਼ਤ ’ਚ ਵਰਤ ਰਹੇ ਹਨ। ਉਨ੍ਹਾਂ ਕਿਹਾ ਕਿ 73 ਕਰੋੜ ਰੁਪਏ ਬਕਾਏ ਵਾਲੀ ਖੰਡ ਮਿੱਲ ਫਗਵਾੜਾ ਅੱਗੇ ਕਿਸਾਨ ਜਥੇਬੰਦੀਆਂ 15 ਨਵੰਬਰ ਤੋਂ ਅਣਮਿੱਥੇ ਸਮੇਂ ਲਈ ਧਰਨੇ ਉਪਰ ਬੈਠ ਰਹੀਆਂ ਹਨ।

## ਸ਼੍ਰੋਮਣੀ ਕਮੇਟੀ ਨੂੰ ਬਾਦਲਾਂ ਤੋਂ ਮੁਕਤ ਕਰਵਾਉਣ ਲਈ 5 ਪੰਥਕ ਧਿਰਾਂ ਨੇ ਸਾਂਝ ਪਾਈ

ਜਲੰਧਰ, 12 ਨਵੰਬਰ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਾਦਲਾਂ ਤੋਂ ਆਜ਼ਾਦ ਕਰਵਾਉਣ ਲਈ ਪੰਜ ਪੰਥਕ ਧਿਰਾਂ ਨੇ ਮਿਲ ਕੇ ਚੱਲਣ ਦਾ ਐਲਾਨ ਕੀਤਾ ਹੈ। ਸ੍ਰੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਅਤੇ ਪੰਥਕ ਅਕਾਲੀ ਲਹਿਰ ਦੇ ਮੁਖੀ ਭਾਈ ਰਣਜੀਤ ਸਿੰਘ, ਸੰਤ ਸਮਾਜ ਦੇ ਮੁਖੀ ਬਾਬਾ ਸਰਬਜੋਤ ਸਿੰਘ ਬੇਦੀ, ਅਕਾਲੀ ਦਲ ਡੈਮੋਕ੍ਰੇਟਿਕ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ, ਅਕਾਲੀ ਦਲ ਟਕਸਾਲੀ ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਅਕਾਲੀ ਦਲ 1920 ਦੇ ਪ੍ਰਧਾਨ ਰਵੀਇੰਦਰ ਸਿੰਘ ਨੇ ਮੀਟਿੰਗ ਕਰ ਕੇ ਸ਼੍ਰੋਮਣੀ ਕਮੇਟੀ ਦੀਆਂ ਅਗਲੀਆਂ ਚੋਣਾਂ ਇਕੱਠੇ ਹੋ ਕੇ ਲੜਨ ਦਾ ਫੈਸਲਾ ਕੀਤਾ ਹੈ ਤਾਂ ਜੋ ਸ਼੍ਰੋਮਣੀ ਕਮੇਟੀ ’ਤੇ ਆਪਣੀ ਅਜ਼ਾਰੇਦਾਰੀ ਕਾਇਮ ਕਰ ਕੇ ਬੈਠੇ ਬਾਦਲਾਂ ਨੂੰ ਸਿੱਖਾਂ ਦੀ ਇਸ ਸਿਰਮੌਰ ਸੰਸਥਾ ਤੋਂ ਲਾਂਭੇ ਕੀਤਾ ਜਾ ਸਕੇ। ਬਾਬਾ ਸਰਬਜੋਤ ਸਿੰਘ ਬੇਦੀ ਤੇ ਭਾਈ ਰਣਜੀਤ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਬਾਦਲਾਂ ਦਾ ਕਬਜ਼ਾ ਛੁਡਾਉਣ ਲਈ ਸਭ ਪੰਥਕ ਧਿਰਾਂ ਨੂੰ ਸੱਦਾ ਦਿੱਤਾ ਕਿ ਉਹ ਮਿਲ ਕੇ ਚੋਣਾਂ ਲੜਨ। ਇਨ੍ਹਾਂ ਪੰਜਾਂ ਆਗੂਆਂ ਨੇ ਕਿਹਾ ਕਿ ਸਾਰੇ ਸ਼੍ਰੋਮਣੀ ਕਮੇਟੀ ਹਲਕਿਆਂ ਤੋਂ ਉਹੀ ਉਮੀਦਵਾਰ ਖੜ੍ਹੇ ਕੀਤੇ ਜਾਣਗੇ। ਜਿਹੜੇ ਨਿਰੋਲ ਪੰਥਕ ਅਤੇ ਅੰਮ੍ਰਿਤਧਾਰੀ ਹੋਣਗੇ। ਇਨ੍ਹਾਂ ਆਗੂਆਂ ਨੇ ਸਪੱਸ਼ਟ ਕੀਤਾ ਕਿ ਉਹ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਖੁਦ ਨਹੀਂ ਲੜਨਗੇ। ਜਿਹੜੇ ਆਗੂ ਨੂੰ ਸ਼੍ਰੋਮਣੀ ਕਮੇਟੀ ਦੀ ਚੋਣ ਲੜਾਈ ਜਾਵੇਗੀ, ਉਸ ਨੂੰ ਵਿਧਾਨ ਸਭਾ ਦੀ ਚੋਣ ਨਹੀਂ ਲੜਾਈ ਜਾਵੇਗੀ, ਜਿਵੇਂ ਬਾਦਲ ਕਰਦੇ ਹਨ। ਇਨ੍ਹਾਂ ਆਗੂਆਂ ਨੇ ਕਿਹਾ ਕਿ ਜਿਨ੍ਹਾਂ ਦੇ ਮਨਾਂ ਵਿੱਚ ਇਹ ਤੌਖਲੇ ਸਨ ਕਿ ਉਹ ਇਕੱਠੇ ਨਹੀਂ ਹੋ ਸਕਦੇ, ਉਹ ਅੱਜ ਖਤਮ ਹੋ ਗਏ ਹਨ।





## ਕੋਵਿਡ-19 ਦੇ ਕੇਸ ਵਧਣ ਬਾਰੇ ਹਾਈਕੋਰਟ ਨੇ ਹਿਮਾਚਲ ਪ੍ਰਦੇਸ਼ ਸਰਕਾਰ ਤੋਂ ਜਵਾਬ ਮੰਗਿਆ

ਸ਼ਿਮਲਾ, 12 ਨਵੰਬਰ (ਪੋਸਟ ਬਿਊਰੋ)- ਹਿਮਾਚਲ ਵਿੱਚ ਕੋਵਿਡ ਦੇ ਕੇਸ ਵੱਧਣ ’ਤੇ ਚਿੰਤਾ ਪ੍ਰਗਟ ਕਰਦੇ ਹੋਏ ਪ੍ਰਦੇਸ਼ ਹਾਈ ਕੋਰਟ ਨੇ ਰਾਜ ਸਰਕਾਰ ਨੂੰ 2 ਦਿਨਾਂ ਵਿੱਚ ਸਥਿਤੀ ਸਪੱਸ਼ਟ ਕਰਨ ਦਾ ਆਦੇਸ਼ ਜਾਰੀ ਕੀਤਾ ਹੈ।

ਚੀਫ ਜਸਟਿਸ ਲਿੰਗਪਾ ਨਰਾਇਣ ਸਵਾਮੀ ਅਤੇ ਜਸਟਿਸ ਅਨੁਪ ਚਿਤਕਾਰਾ ਦੀ ਬੈਂਚ ਨੇ ਰਾਜ ਸਰਕਾਰ ਨੂੰ ਪ੍ਰਦੇਸ਼ ਵਿੱਚ ਤੇਜ਼ੀ ਨਾਲ ਵਧ ਰਹੇ ਕੋਵਿਡ-19 ਦੇ ਕੇਸ ਨੂੰ ਰੋਕਣ ਲਈ ਉਠਾਏ ਕਦਮਾਂ ਦੀ ਜਾਣਕਾਰੀ ਦੇਣ ਨੂੰ ਕਿਹਾ ਹੈ। ਅਸਲ ਵਿੱਚ ਹਿਮਾਚਲ ਪ੍ਰਦੇਸ਼ ਵਿੱਚ ਰਾਜ ਸਰਕਾਰ ਵੱਲੋਂ ਪਬੰਦੀਆਂ ਹਟਾਉਣ ਦੇ ਬਾਅਦ ਕੋਵਿਡ-19 ਦੇ ਕੇਸਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ ਅਤੇ ਅੱਜ ਕੱਲ੍ਹ ਰੋਜ਼ 700 ਤੋਂ ਵੱਧ ਕੇਸ ਆ ਰਹੇ ਹਨ। ਸ਼ਿਮਲੇ ਵਿੱਚ ਪਾਬੰਦੀਆਂ ’ਚ ਢਿੱਲ ਕਾਰਨ ਕੋਵਿਡ-19 ਦੇ ਕੇਸ ਤੇਜ਼ੀ ਨਾਲ ਵਧੇ ਹਨ ਅਤੇ ਵੱਡੀ ਗਿਣਤੀ ਵਿੱਚ ਲੋਕ ਮਹਾਂਮਾਰੀ



ਫੈਲਾਉਂਦੇ ਹੋਏ ਸ਼ਿਮਲਾ ਸ਼ਹਿਰ ਦੇ ਵਿੱਚ ਘੁੰਮ ਰਹੇ ਹਨ। 5 ਸਤੰਬਰ ਦੇ ਬਾਅਦ ਕੇਸਾਂ ਵਿੱਚ ਅਚਾਨਕ ਵਾਧਾ ਹੋ ਗਇਆ। ਰਾਜ ਦੇ1,064 ਵਿੱਚੋਂ ਸ਼ਿਮਲਾ ਦੇ 780 ਕੇਸ ਇਸ ਦੌਰਾਨ ਪਤਾ ਲੱਗੇ ਹਨ। ਸ਼ਿਮਲਾ ਅਤੇ ਹੋਰ ਥਾਂਵਾਂ ਦੇ ਰਿਜੋਰਟਸ ਵਿੱਚ ਆਉਂਦੇ ਲੋਕਾਂ ਲਈ ਬੇਰੋਕ ਟੋਕ ਆਵਾਜਾਈ ਤੇ ਕੋਵਿਡ ਬਾਰੇ ਕਾਹਲੀ ਦਾ ਫੈਸਲਾ ਸਥਾਨਕ ਲੋਕਾਂ ਨੂੰ ਡਰਾ ਰਿਹਾ ਹੈ। ਹਿਮਾਚਲ, ਉਤਰਾਖੰਡ, ਰਾਜਸਥਾਨ ਅਤੇ ਕੇਰਲ ਰਾਜ ਵਿੱਚ ਸੈਲਾਨੀਆਂ ਦੇ ਆਉਣ ਨਾਲ ਬੀਮਾਰੀ ਦਾ ਖਤਰਾ ਵੱਧ ਗਿਆ ਹੈ। ਸੁਰੱਖਿਆ ਮਾਪਦੰਡਾਂ ਦੀ ਅਣਦੇਖੀ ਇਨ੍ਹਾਂ ਰਾਜਾਂ ’ਤੇ ਭਾਰੀ ਪੈ ਰਹੀ ਹੈ। ਮਾਮਲਿਆਂ ’ਤੇ ਸੁਣਵਾਈ 13 ਨਵੰਬਰ ਨੂੰ ਹੋਵੇਗੀ।

## ਸੂਚਨਾ ਪ੍ਰਸਾਰਨ ਮੰਤਰਾਲੇ ਦੇ ਘੇਰੇ ਵਿੱਚ ਆਏ ਓ ਟੀ ਆਪਰੇਟਰ

ਨਵੀਂ ਦਿੱਲੀ, 12 ਨਵੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਓ ਟੀ ਟੀ ਪਲੇਟਫਾਰਮ ਜਿਵੇਂ ਨੈਟਫਲਿਕਸ, ਐਮਾਜ਼ੋਨ ਪ੍ਰਾਈਮ ਵੀਡੀਓ ਅਤੇ ਡਿਜ਼ਨੀ-ਹੌਟਸਟਾਰ ਤੋਂ ਇਲਾਵਾ ਆਨਲਾਈਨ ਖਬਰਾਂ ਅਤੇ ਚਲੰਤ ਮਾਮਲਿਆਂ ਬਾਰੇ ਸਮੱਗਰੀ ਨੂੰ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਦੇ ਘੇਰੇ ਹੇਠ ਕਰ ਦਿੱਤਾ ਹੈ, ਜਿਸ ਨਾਲ ਮੰਤਰਾਲੇ ਨੂੰ ਡਿਜੀਟਲ ਸਪੇਸ ਲਈ ਨੀਤੀਆਂ ਅਤੇ ਨੇਮ ਘੜਨ ਦੀਆਂ ਸ਼ਕਤੀਆਂ ਮਿਲ ਗਈਆਂ ਹਨ।

ਵਰਨਣ ਯੋਗ ਹੈ ਕਿ ਹਾਲੇ ਤੱਕ ਭਾਰਤ ਵਿੱਚ ਡਿਜੀਟਲ ਸਮੱਗਰੀ ਦੀ ਹੱਦਬੰਦੀ ਕਰਨ ਲਈ ਕੋਈ ਕਾਨੂੰਨ ਜਾਂ ਖੁਦਮੁਖਤਿਆਰ ਸੰਸਥਾ ਨਹੀਂ ਸੀ। ਕੈਬਨਿਟ ਸਕੱਤਰੇਤ ਵੱਲੋਂ ਜਾਰੀ ਨੋਟੀਫਿਕੇਸ਼ਨ, ਜਿਸ ਉਤੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਦਸਤਖਤ ਕੀਤੇ ਹਨ, ਅਨੁਸਾਰ ਇਸ ਸਬੰਧੀ ਫੈਸਲਾ ਭਾਰਤ ਸਰਕਾਰ ਨੇ (ਐਲੋਕੇਸ਼ਨ ਆਫ ਬਿਜ਼ਨਸ) ਨੇਮਾਂ, 1961 ਵਿੱਚ ਸੋਧ ਕਰ ਕੇ ਸੰਵਿਧਾਨ ਦੀ ਧਾਰਾ 77 ਦੀ ਕਲਾਜ਼ (3) ਹੇਠ ਤਾਕਤਾਂ ਦੀ ਵਰਤੋਂ ਕਰਦਿਆਂ ਲਿਆ ਗਿਆ ਹੈ ਅਤੇ ਇਹ ਤੁਰੰਤ ਲਾਗੂ ਹੋਵੇਗਾ। ਨੋਟੀਫਿਕੇਸ਼ਨ ਅਨੁਸਾਰ ਇਨ੍ਹਾਂ ਨੇਮਾਂ ਨੂੰ ਭਾਰਤ ਸਰਕਾਰ (ਐਲੋਕੇਸ਼ਨ ਆਫ ਬਿਜ਼ਨਸ) ਤਿੰਨ ਸੌ ਸਤੰਵਜਵੀਂ ਸੋਧ ਨੇਮਾਂ, 2020 ਵਜੋਂ ਜਾਣਿਆ ਜਾਵੇ।

ਭਾਰਤ ਸਰਕਾਰ ਦੇ ਨੋਟੀਫਿਕੇਸ਼ਨ ਨਾਲ ਡਿਜੀਟਲ, ਆਨਲਾਈਨ ਮੀਡੀਆ, ਆਨਲਾਈਨ ਸਮੱਗਰੀ ਨਾਲ ਮਿਲਣ ਵਾਲੀਆਂ ਫਿਲਮਾਂ ਅਤੇ ਆਡੀਓ-ਵਿਜ਼ੁਅਲ ਪ੍ਰੋਗਰਾਮ ਅਤੇ ਆਨਲਾਈਨ ਪਲੇਟਫਾਰਮਾਂ ’ਤੇ ਖਬਰਾਂ ਤੇ ਚਲੰਤ ਮਾਮਲਿਆਂ ਬਾਰੇ ਸਮੱਗਰੀ ਸਭ ਭਾਰਤ ਦੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਅਧੀਨ ਆ ਗਏ ਹਨ। ਇਸ ਨਾਲ ਮੰਤਰਾਲੇ ਨੂੰ ਆਨਲਾਈਨ ਪਲੇਟਫਾਰਮਾਂ ’ਤੇ ਮਿਲਦੀਆਂ ਖਬਰਾਂ, ਆਡੀਓ, ਵਿਜ਼ੁਅਲ ਸਮੱਗਰੀ ਤੇ ਫਿਲਮਾਂ ਬਾਰੇ ਨੀਤੀਆਂ ਬਣਾਉਣ ਦੀਆਂ ਤਾਕਤਾਂ ਮਿਲ ਗਈਆਂ ਹਨ। ਇਹ ਫੈਸਲਾ ਸੁਪਰੀਮ ਕੋਰਟ ਵੱਲੋਂ ਕੇਂਦਰ ਸਰਕਾਰ ਤੋਂ ਓ ਟੀ ਟੀ ਪਲੇਟਫਾਰਮਾਂ ਨੂੰ ਖੁਦਮੁਖਤਿਆਰ ਸੰਸਥਾ ਵੱਲੋਂ ਨਿਯਮਤ ਕਰਨ ਦੀ ਜਨਹਿਤ ਪਟੀਸ਼ਨ ’ਤੇ ਮੰਗੇ ਗਏ ਜਵਾਬ ਤੋਂ ਮਹੀਨੇ ਦੇ ਅੰਦਰ ਆ ਗਿਆ ਹੈ। ਅੱਗੇ ਤੋਂ ਓ ਟੀ ਟੀ ਪਲੇਟਫਾਰਮ, ਜੋ ਹਾਲੇ ਤੱਕ ਨਿਯਮਿਤ ਨਹੀਂ ਸੀ, ਨੇਮਾਂ ਤੇ ਕਾਨੂੰਨਾਂ ਅਧੀਨ ਆਉਣਗੇ। ਮੌਜੂਦਾ ਸਮੇਂ ਵਿੱਚ ਪ੍ਰੈਸ ਕੌਂਸਲ ਆਫ ਇੰਡੀਆ ਵੱਲੋਂ ਪ੍ਰਿੰਟ ਮੀਡੀਆ ਨੂੰ ਨਿਯਮਿਤ ਕੀਤਾ ਜਾਂਦਾ ਹੈ। ਨਿਊਜ਼ ਬ੍ਰਾਡਕਾਸਟਰਜ਼ ਐਸੋਸੀਏਸ਼ਨ (ਐਨ ਬੀ ਏ) ਨਿਊਜ਼ ਚੈਨਲਾਂ ਦੀ ਨੁਮਾਇੰਦਗੀ ਕਰਦੀ ਹੈ, ਐਡਵਰਟਾਈਜ਼ਿੰਗ ਸਟੈਂਡਰਜ਼ ਕੌਂਸਲ ਆਫ ਇੰਡੀਆ ਇਸ਼ਤਿਹਾਰਾਂ ਨੂੰ ਨਿਯਮਿਤ ਕਰਦੀ ਹੈ, ਜਦ ਕਿ ਫਿਲਮ ਸਰਟੀਫਿਕੇਸ਼ਨ ਬਾਰੇ ਕੇਂਦਰੀ ਬੋਰਡ (ਸੀ ਬੀ ਐਫ ਸੀ) ਵੱਲੋਂ ਫਿਲਮਾਂ ਦੀ ਨਿਗਰਾਨੀ ਕੀਤੀ ਜਾਂਦੀ ਹੈ।

ਓ ਟੀ ਟੀ ਪਲੇਟਫਾਰਮਾਂ ਨੂੰ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਅਧੀਨ ਲਿਆਂਦੇ ਜਾਣ ਦੇ ਸਰਕਾਰ ਦੇ ਫੈਸਲੇ ਬਾਰੇ ਲੇਖਕਾਂ ਅਤੇ ਨਿਰਦੇਸ਼ਕਾਂ ਦਾ ਕਹਿਣਾ ਹੈ ਕਿ ਵਿਸ਼ਵ ਮੰਚ ’ਤੇ ਇਸ ਦਾ ਭਾਰਤੀ ਡਿਜੀਟਲ ਸਮੱਗਰੀ ਸਿਰਜਣਹਾਰਾਂ ਨੂੰ ਨੁਕਸਾਨ ਹੋਵੇਗਾ ਤੇ ਇਸ ਨਾਲ ਦਰਸ਼ਕਾਂ ਤੇ ਨਿਰਦੇਸ਼ਕਾਂ ਦੀ ਕਲਾਤਮਕ ਤੇ ਨਿੱਜੀ ਆਜ਼ਾਦੀ ਘਟੇਗੀ। ਫਿਲਮਸਾਜ਼ ਹੰਸਲ ਮਹਿਤਾ ਅਤੇ ਰੀਮਾ ਕਾਗਤੀ ਨੇ ਇਸ ਫੈਸਲੇ ’ਤੇ ਨਿਰਾਸ਼ਾ ਪ੍ਰਗਟਾਈ ਹੈ। ਐਮ ਐਕਸ ਪਲੇਅਰ ਦੇ ਸੀ ਈ ਓ ਕਰਨ ਬੇਦੀ ਨੇ ਇਸ ਫੈਸਲੇ ਦਾ ਸਵਾਗਤ ਕੀਤਾ। ਫਿਲਮਸਾਜ਼ ਅਲੰਕ੍ਰਿਤਾ ਸ੍ਰੀਵਾਸਤਵ ਨੇ ਕਿਹਾ ਕਿ ਉਹ ਕਿਸੇ ਵੀ ਤਰ੍ਹਾਂ ਦੀ ਸੈਂਸਰ ਦੇ ਵਿਰੋਧੀ ਹਨ।

### ਮੱਧ ਪ੍ਰਦੇਸ਼ ਦੀਆਂ ਉਪ ਚੋਣਾਂ:

## ਸਿੰਧੀਆ ਨੇ ਰਿਧੀ ਖੀਰ ਤੇ ਹੋ ਗਿਆ ਦਲੀਆ



ਗਵਾਲੀਅਰ, 12 ਨਵੰਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਵਿੱਚ ਕਾਂਗਰਸ ਵਿੱਚੋਂ ਨਿਕਲਣ ਪਿੱਛੋਂ ਗੱਦਾਰੀ ਕਰਨ ਦੇ ਦੋਸ਼ਾਂ ਦੌਰਾਨ ਚੋਣ ਦੰਗਲ ਵਿੱਚ ਆਪਣੇ ਸਾਥੀ ਮੰਤਰੀਆਂ-ਸਾਬਕਾ ਵਿਧਾਇਕਾਂ ਨਾਲ ਭਾਜਪਾ ਵੱਲੋਂ ਉਤਰੇ ਰਾਜ ਸਭਾ ਦੇ ਮੈਂਬਰ ਜਯੋਤਿਰਾਦਿਤਿਆ ਸਿੰਧੀਆ ਨੂੰ ਪੂਰੇ ਰਾਜ ਵਿੱਚ ਜਿੱਤ ਦੀ ਮਿੱਠੀ ਖੀਰ ਮਿਲੀ, ਪਰ ਉਨ੍ਹਾਂ ਦੇ ਘਰ ਆਪਣੇ ਗਵਾਲੀਅਰ ਚੋਣ ਹਲਕੇ ਚੰਬਲ ਵਾਲੇ ਖੇਤਰ ਵਿੱਚ ਇਸ ਦੀ ਮਿਠਾਸ ਕੁਝ ਘਟ ਗਈ ਹੈ।

ਬੀਤੇ ਸ਼ਨੀਵਾਰ ਹੋਈਆਂ ਉੱਪ ਚੋਣਾਂ ਵਿੱਚ ਇਸ ਖੇਤਰ ਦੀਆਂ ਕੁੱਲ 16 ਵਿਧਾਨ ਸਭਾ ਸੀਟਾਂ ਵਿੱਚੋਂ ਸਿੰਧੀਆ ਦਾ ਧੜਾ ਆਪਣੇ ਸਿਰਫ 9 ਉਮੀਦਵਾਰ ਹੀ ਭਾਜਪਾ ਵੱਲੋਂ ਜਿੱਤ ਦਿਵਾਉਣ ਵਿੱਚ ਕਾਮਯਾਬ ਰਿਹਾ ਹੈ। ਗਵਾਲੀਅਰ, ਮੁਰੈਣਾ, ਸ਼ਿਵਪੁਰੀ, ਦਤੀਆ ਅਤੇ ਭਿੰਡ ਜ਼ਿਲ੍ਹੇ ਵਿੱਚ ਉਨ੍ਹਾਂ ਦੇ ਸਮਰਥਕ ਉਮੀਦਵਾਰ ਵੋਟਾਂ ਦੀ ਗਿਣਤੀ ਦੇ ਅੰਤ ਤੱਕ ਖੁਸ਼ ਨਹੀਂ ਹੋ ਸਕੇ। ਹਰ ਰਾਊਂਡ ਵਿੱਚ ਕਦੇ ਭਾਜਪਾ ਤੇ ਕਦੇ ਕਾਂਗਰਸੀ ਉਮੀਦਵਾਰ ਅੱਗੇ ਜਾਂਦੇ ਰਹੇ ਸਨ। ਸਿੰਧੀਆ ਦੇ ਸਮਰਥਕ ਤਿੰਨ ਮੰਤਰੀ ਇਮਰਤੀ ਦੇਵੀ, ਗਿਰਰਾਜ ਡੰਡੋਤੀਆ ਅਤੇ ਏਦਲ ਸਿੰਘ ਕੰਸ਼ਾਨਾ ਆਪਣੇ ਹਲਕੇ ਵਿੱਚ ਚੋਣ ਹਾਰ ਗਏ।

ਇਸ ਚੋਣ ਦੌਰਾਨ ਭੜਕਾਊ ਬਿਆਨਾਂ ਦੇ ਵੀਡੀਓ ਵਾਇਰਲ ਹੋਣ ਕਾਰਨ ਚਰਚਾ ਵਿੱਚ ਆਏ ਦਤੀਆ ਦੀ ਭਾਂਡੇਰ ਵਿਧਾਨ ਸਭਾ ਸੀਟ ਤੋਂ ਕਾਂਗਰਸੀ ਉਮੀਦਵਾਰ ਫੂਲ ਸਿੰਘ ਬਰੈਈਆ ਵੀ 161 ਵੋਟਾਂ ਨਾਲ ਚੋਣ ਹਾਰ ਗਏ। ਇਥੋਂ ਭਾਜਪਾ ਦੀ ਰਕਸ਼ਾ ਸਿਰੌਨੀਆ ਜਿੱਤ ਗਈ ਹੈ।ਗਵਾਲੀਅਰ-ਚੰਬਲ ਖੇਤਰ ਵਿੱਚ ਭਾਜਪਾ ਦੇ ਪਛੜਨ ਦਾ ਕਾਰਨ ‘ਬੁੱਕਲ ਦੇ ਸੱਪ’ ਮੰਨੇ ਜਾ ਰਹੇ ਹਨ ਅਤੇ ਪਾਰਟੀ ਦੇ ਵੱਡੇ ਨੇਤਾਵਾਂ ਦਾ ਪੂਰੇ ਮਨ ਨਾਲ ਕੰਮ ਨਾ ਕਰਨਾ ਵੀ ਇਕ ਕਾਰਨ ਮੰਨਿਆ ਗਿਆ ਹੈ। ਸਭ ਤੋਂ ਵੱਡੀ ਮਿਸਾਲ ਸਾਬਕਾ ਮੰਤਰੀ ਜੈਭਾਨ ਸਿੰਘ ਪਵੈਈਆ ਦੀ ਹੈ। ਉਹ ਇਸ ਵਾਰ ਚੋਣ ਵਿੱਚ ਘੱਟ ਹੀ ਨਿਕਲੇ, ਜਦ ਕਿ ਉਨ੍ਹਾਂ ਦਾ ਪ੍ਰਭਾਵ ਸਮੁੱਚੇ ਗਵਾਲੀਅਰ-ਚੰਬਲ ਖੇਤਰ ਵਿੱਚ ਹੈ। ਪਵੈਈਆ ਬਹੁਤ ਚਿਰ ਤੋਂ ਸਿੰਧੀਆ ਪਰਵਾਰ ਦੇ ਵਿਰੋਧੀ ਰਹੇ ਹਨ। ਇਸ ਦੌਰਾਨ ਭਾਜਪਾ ਨੇ ਵੋਟਿੰਗ ਤੋਂ ਠੀਕ ਪਹਿਲਾਂ ਸੁਮਾਵਲੀ ਦੇ ਸਾਬਕਾ ਵਿਧਾਇਕ ਸਤਪਾਲ ਸਿੰਘ ਸਿਕਰਵਾਰ ਨੂੰ ਪਾਰਟੀ ਤੋਂ ਕੱਢ ਦਿੱਤਾ ਅਤੇ ਉਨ੍ਹਾਂ ਦੇ ਪਿਤਾ ਸਾਬਕਾ ਵਿਧਾਇਕ ਗਜਰਾਜ ਸਿੰਘ ਨੂੰ ਵੀ ਨੋਟਿਸ ਦੇ ਦਿੱਤਾ ਸੀ। ਉਨ੍ਹਾਂ ਉੱਤੇ ਗਦਾਰੀ ਕਰਨ ਦਾ ਦੋਸ਼ ਸੀ। ਮੁਰੈਣਾ ਦੀ ਸੁਮਾਵਲੀ ਵਿਧਾਨ ਸਭਾ ਸੀਟ ਉੱਤੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਸਭ ਤੋਂ ਜ਼ਿਆਦਾ ਚੋਣ ਰੈਲੀਆਂ ਕੀਤੀਆਂ ਸਨ, ਪਰ ਇਥੇ ਭਾਜਪਾ ਉਮੀਦਵਾਰ ਅਤੇ ਕੈਬਨਿਟ ਮੰਤਰੀ ਏਦਲ ਸਿੰਘ ਕੰਸ਼ਾਨਾ 11 ਹਜ਼ਾਰ ਵੋਟਾਂ ਨਾਲ ਚੋਣ ਹਾਰ ਗਏ।

## ਭਾਜਪਾ ਨੇ ਉੱਪ ਚੋਣਾਂ ਵਿੱਚ ਗੁਜਰਾਤ ਵਿਚ ਹੂੰਝਾ ਫੇਰ ਜਿੱਤ ਦਰਜ ਕੀਤੀ

*** ਝਾਰਖੰਡ ਵਿੱਚ ਜੇ ਐਮ ਐਮ ਅਤੇ ਕਾਂਗਰਸ ਫਿਰ ਜੇਤੂ**

ਗਾਂਧੀਨਗਰ, 12 ਨਵੰਬਰ (ਪੋਸਟ ਬਿਊਰੋ)- ਭਾਰਤ ਦੇ 11 ਰਾਜਾਂ ਵਿੱਚ ਪਿਛਲੇ ਹਫਤੇ ਹੋਈਆਂ ਵਿਧਾਨ ਸਭਾ ਉੱਪ ਚੋਣਾਂ ਦੇ ਨਤੀਜਿਆਂ ਵਿੱਚ ਬਹੁਤਾ ਕਰ ਕੇ ਭਾਜਪਾ ਦੀ ਝੰਡੀ ਰਹੀ ਹੈ।

ਭਾਜਪਾ ਨੇ ਗੁਜਰਾਤ ਦੀਆਂ ਵਿਧਾਨ ਸਭਾ ਉੱਪ ਚੋਣਾਂ ਵਿੱਚ ਸਾਰੀਆਂ ਅੱਠ ਸੀਟਾਂ ਜਿੱਤ ਲਈਆਂ ਹਨ।ਗੁਜਰਾਤ ਵਿਧਾਨ ਸਭਾ ਦੀਆਂ ਅੱਠ ਸੀਟਾਂ ਅਬਡਾਸਾ, ਲਿੰਬੜੀ, ਮੋਰਬੀ, ਧਾਰੀ, ਗੜਦਾ, ਕਰਜਨ, ਡਾਂਗ ਤੇ ਕਪਰਾੜਾ ਸੀਟਾਂ ਉੱਤੇ ਭਾਜਪਾ ਨੇ ਜਿੱਤ ਹਾਸਲ ਕੀਤੀ ਹੈ। ਕੁੱਲ 182 ਸੀਟਾਂ ਵਾਲੀ ਗੁਜਰਾਤਵਿਧਾਨ ਸਭਾ ਵਿੱਚ ਭਾਜਪਾ ਦੀਆਂ ਸੀਟਾਂ ਦੀ ਗਿਣਤੀ ਇਨ੍ਹਾਂ ਨਤੀਜਿਆਂ ਨਾਲ 111 ਹੋ ਗਈ ਹੈ। ਗੁਜਰਾਤ ਕਾਂਗਰਸ ਦੇ ਪ੍ਰਧਾਨ ਅਮਿਤ ਚਾਵੜਾ ਨੇ ਕਿਹਾ ਕਿ ਪਾਰਟੀ ਨੇ ਲੋਕਾਂ ਦੇ ਫੈਸਲੇ ਨੂੰ ਮੰਨਿਆ ਹੈ। ਉਂਜਉਨ੍ਹਾਂ ਦੋਸ਼ ਲਾਇਆ ਕਿ ਇਹ ਪਾਰਟੀ ਦੀਆਂ ਉਨ੍ਹਾਂ ਉਮੀਦਾਂ ਤੋਂ ਬਿਲਕੁਲ ਉਲਟ ਹੈ,ਕਿਉਂਕਿਆਸ ਸੀ ਕਿ ਵੋਟਰ ਵਿਧਾਇਕਾਂ ਦੀ ਖਰੀਦੋ-ਫਰੋਖਤ ਅਤੇ ਬਾਹੂਬਲ ਵਿੱਚ ਸ਼ਾਮਲ ਭਾਜਪਾ ਨੂੰ ਸਬਕ ਸਿਖਾਉਣਗੇ। ਭਾਜਪਾ ਨੇ ਕਾਂਗਰਸ ਵੱਲੋਂ ਲਾਏ ਦੋਸ਼ਾਂ ਨੂੰ ਰੱਦ ਕਰ ਦਿੱਤਾ ਹੈ। ਮੁੱਖ ਮੰਤਰੀ ਵਿਜੈ



ਰੁਪਾਨੀ ਨੇ ਕਿਹਾ ਕਿ ਵੋਟਰਾਂ ਨੇ ਕਾਂ-ਗਰਸ ਦੀ ਨਾਂਹ-ਪੱਖੀ ਮੁਹਿੰਮ ਨੂੰ ਰੱਦ ਕਰ ਦਿੱਤਾ ਹੈ। ਉਨ੍ਹਾਂ ਕਿਹਾ, “ਭਾਜਪਾ ਅੱਜ ਬਿਹਾਰ, ਉਤਰ ਪ੍ਰਦੇਸ਼, ਮੱਧ ਪ੍ਰਦੇਸ਼ ਜਾਂ ਗੁਜਰਾਤ ਸਣੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਜਿੱਤ ਰਹੀ ਹੈ ਤਾਂ ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਵੱਲੋਂ ਕੀਤੇ ਕੰਮਾਂ ਦਾ ਨਤੀਜਾ ਹੈ।’

ਇਸੇ ਤਰ੍ਹਾਂ ਭਾਜਪਾ ਨੇ ਕਰਨਾਟਕ ਦੀਆਂ ਦੋ ਵਿਧਾਨ ਸਭਾ ਉੱਪ ਚੋਣਾਂ ਵਿੱਚ ਸਿਰਾ ਅਤੇ ਰਾਜਾ ਰਾਜੇਸ਼ਵਰੀ ਨਗਰ ਵਿੱਚ ਜਿੱਤ ਹਾਸਲ ਕੀਤੀ ਹੈ। ਭਾਜਪਾ ਨੇ ਟੁਮਕੁਰ ਜ਼ਿਲ੍ਹੇ ਦੀ ਸਿਰਾ ਵਿਧਾਨ ਸਭਾ ਸੀਟ ਉਤੇ ਪਹਿਲੀ ਵਾਰ ਜਿੱਤ ਹਾਸਲ ਕਰ ਕੇ ਇਤਿਹਾਸ ਸਿਰਜਿਆ ਹੈ।

ਓਧਰ ਝਾਰਖੰਡ ਵਿਚ ਸੱਤਾਧਾਰੀ ਝਾਰਖੰਡ ਮੁਕਤੀ ਮੋਰਚਾ (ਜੇ ਐਮ ਐਮ) ਦੀ ਅਗਵਾਈ ਵਿੱਚ ਗੱਠਜੋੜ ਨੇ ਝਾਰਖੰਡ ਵਿਧਾਨ ਸਭਾ ਜ਼ਿਮਨੀ ਚੋਣਾਂ ਵਿੱਚ ਦੁਮਕਾ ਅਤੇ ਬਰਮੋ ਸੀਟਾਂ ਜਿੱਤ ਲਈਆਂ ਹਨ। ਮੁੱਖ ਮੰਤਰੀ ਹੇਮੰਤ ਸੋਰੇਨ ਦੇ ਛੋਟੇ ਭਰਾ ਅਤੇ ਜੇ ਐਮ ਐਮ ਦੇ ਉਮੀਦਵਾਰ ਬਸੰਤ ਸੋਰੇਨ ਨੇ ਦੁਮਕਾ ਸੀਟ ਤੋਂ ਭਾਜਪਾ ਦੇ ਉਮੀਦਵਾਰ ਲੂਈਸ ਮਰਾਂਡੀ ਨੂੰ 6500 ਵੋਟਾਂ ਨਾਲ ਹਰਾਇਆ ਹੈ। ਦੂਸਰੀ ਸੀਟ ਕਾਂਗਰਸ ਪਾਰਟੀ ਨੇ ਜਿੱਤੀ ਹੈ।

ਛੱਤੀਸਗੜ੍ਹ ਦੀ ਮਰਵਾਹੀ ਵਿਧਾਨ ਸਭਾ ਸੀਟ ਸੱਤਾਧਾਰੀ ਕਾਂਗਰਸ ਨੇ ਜਿੱਤ ਲਈ ਹੈ। ਕਾਂਗਰਸ ਉਮੀਦਵਾਰ ਨੇ ਭਾਜਪਾ ਉਮੀਦਵਾਰ ਨੂੰ 38,197 ਵੋਟਾਂ ਨਾਲ ਹਰਾ ਦਿੱਤਾ ਹੈ।

ਤਿਲੰਗਾਨਾ ਵਿੱਚ ਭਾਜਪਾ ਉਮੀਦਵਾਰ ਐਮ ਰਘੂਨੰਦਨ ਰਾਓ ਨੇ ਦੁੱਬਾਕ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਜਿੱਤ ਲਈ ਹੈ। ਮਨੀਪੁਰ ਵਿੱਚ ਪੰਜ ਵਿਧਾਨ ਸਭਾ ਸੀਟਾਂ ਲਈ ਹੋਈਆਂ ਜ਼ਿਮਨੀ ਚੋਣਾਂ ਵਿੱਚ ਭਾਜਪਾ ਨੇ ਦੋ ਅਤੇ ਇੱਕ ਥਾਂ ਆਜ਼ਾਦ ਉਮੀਦਵਾਰ ਨੇ ਜਿੱਤ ਹਾਸਲ ਕੀਤੀ ਹੈ। ਇਸ ਤਰ੍ਹਾਂ ਉਤਰ ਪ੍ਰਦੇਸ਼ ਵਿੱਚ ਸੱਤ ਵਿਧਾਨ ਸਭਾ ਸੀਟਾਂ ਵਿੱਚੋਂ ਭਾਜਪਾ ਨੇ ਛੇ ਅਤੇ ਸਮਾਜਵਾਦੀ ਪਾਰਟੀ ਨੇ ਇੱਕ ਸੀਟ ਜਿੱਤ ਹੈ। ਨਾਗਾਲੈਂਡ ਵਿਧਾਨ ਸਭਾ ਜ਼ਿਮਨੀ ਚੋਣ ਦੀ ਇੱਕੋ-ਇੱਕ ਸੀਟ ਸੱਤਾਧਾਰੀ ਪਾਰਟੀ ਐਨ ਡੀ ਪੀ ਪੀ ਨੇ ਜਿੱਤੀ ਹੈ। ਇਸ ਦੌਰਾਨ ਰਾਜਸਥਾਨ ਦੀ ਰਾਜਧਾਨੀ ਜੈਪੁਰ ਸਣੇ ਤਿੰਨ ਪ੍ਰਮੁੱਖ ਸ਼ਹਿਰਾਂ ਵਿੱਚ ਛੇ ਨਗਰ ਨਿਗਮਾਂ ਦੇ ਮੇਅਰਾਂ ਦੀਆਂ ਚੋਣਾਂ ਹੋਈਆਂ, ਜਿਨ੍ਹਾਂ ਵਿੱਚ ਸੱਤਾਧਾਰੀ ਕਾਂਗਰਸ ਪਾਰਟੀ ਚਾਰ ਨਿਗਮਾਂ ਵਿੱਚ ਆਪਣੇ ਮੇਅਰ ਬਣਾਉਣ ਵਿੱਚ ਸਫਲ ਰਹੀ ਹੈ, ਜਦ ਕਿ ਦੋ ਨਿਗਮਾਂ ਵਿੱਚ ਭਾਜਪਾ ਦੇ ਉਮੀਦਵਾਰ ਜਿੱਤੇ ਹਨ।

ਹਰਿਆਣਾ ਵਿੱਚ ਬਰੋਦਾ ਵਿਧਾਨ ਸਭਾ ਹਲਕੇ ਲਈ ਹੋਈ ਜ਼ਿਮਨੀ ਚੋਣ ਵਿੱਚ ਕਾਂਗਰਸੀ ਉਮੀਦਵਾਰ ਇੰਦੂ ਰਾਜ ਨਰਵਾਲ ਨੇ ਭਾਜਪਾ ਉਮੀਦਵਾਰ ਯੋਗੇਸ਼ਵਰ ਦੱਤ ਨੂੰ ਹਰਾਇਆ ਹੈ। ਨਰਵਾਲ ਕਰੀਬ ਦਸ ਹਜ਼ਾਰ ਵੋਟਾਂ ਦੇ ਫਰਕ ਨਾਲ ਜੇਤੂ ਰਹੇ ਹਨ। ਇਸ ਤਰ੍ਹਾਂ ਵਿਰੋਧੀ ਧਿਰ ਕਾਂਗਰਸ ਨੇ ਇਹ ਸੀਟ ਆਪਣੇ ਕੋਲ ਕਾਇਮ ਰੱਖੀ ਹੈ। ਓਲੰਪੀਅਨ ਪਹਿਲਵਾਨ ਦੱਤ ਇਸ ਹਲਕੇ ਵਿੱਚੋਂ ਦੂਜੀ ਵਾਰ ਹਾਰੇ ਹਨ। ਇਸ ਤੋਂ ਪਹਿਲਾਂ 2019 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਦੱਤ ਨੂੰ ਕਾਂਗਰਸੀ ਉਮੀਦਵਾਰ ਕ੍ਰਿਸ਼ਨ ਹੁੱਡਾ ਨੇ 4800 ਵੋਟਾਂ ਦੇ ਫਰਕ ਨਾਲ ਹਰਾਇਆ ਸੀ। ਹੁੱਡਾ ਦੀ ਅਪ੍ਰੈਲ ਵਿੱਚ ਮੌਤ ਹੋ ਜਾਣ ਨਾਲ ਸੀਟ ਖਾਲੀ ਹੋ ਗਈ ਸੀ।

## ਮਨਜੀਤ ਜੀ ਕੇ ਵਿਰੁੱਧ ਵੀ ਕੇਸ ਦਰਜ ਕਰਨ ਦੇ ਹੁਕਮ

ਨਵੀਂ ਦਿੱਲੀ, 12 ਨਵੰਬਰ (ਪੋਸਟ ਬਿਊਰੋ)- ਇੱਥੋਂ ਦੀ ਪਟਿਆਲਾ ਹਾਊਸ ਕੋਰਟ ਨੇ ਦਿੱਲੀ ਸਿੱਖ ਗੁਰਦ-ਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਦੇ ਖਿਲਾਫ ਕੇਸ ਦਰਜ ਕਰਨ ਦੇ ਹੁਕਮ ਦਿੱਤੇ ਹਨ। ਇਹ ਹੁਕਮ ਦਿੱਲੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਨਜੀਤ ਸਿੰਘ ਜੀ ਕੇ ਖਿਲਾਫ ਤੀਹ ਮਈ 2019 ਨੂੰ ਕੀਤੇ ਭ੍ਰਿਸ਼ਟਾਚਾਰ ਦੇ ਦਾਅਵੇ ਨਾਲ ਚਾਰ ਦੋਸ਼ ਲਾ ਕੇ ਥਾਣਾ ਨਾਰਥ ਐਵੇਨਿਊ ਵਿੱਚ ਦਿੱਤੀ ਸ਼ਿਕਾਇਤ ਦੇ ਆਧਾਰ ’ਤੇ ਦਿੱਤੇ ਗਏ ਹਨ। ਇਸ ਬਾਰੇ ਮਨਜੀਤ ਸਿੰਘ ਜੀ ਕੇ ਦੱਸਿਆ ਕਿ ਉਸ ਵਿਰੁੱਧ ਆਰਥਿਕ ਅਪਰਾਧ ਸੈਲ ਦੀ ਜਾਂਚ ਖਤਮ ਹੋ ਚੁੱਕੀ ਸੀ। ‘ਜਾਗੋ’ ਪਾਰਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਇਸ ਕੇਸ ਵਿੱਚ ਕਮੇਟੀ ਮੈਂਬਰ ਜਗਦੀਪ ਸਿੰਘ ਕਾਹਲੋਂ ਵੱਲੋਂ ਆਪਣੇ ਖਿਲਾਫ ਕੀਤੀ ਸ਼ਿਕਾਇਤ ’ਤੇ ਕੇਸ ਦਰਜ ਹੋਣ ਤੱਕ ਲੱਗੇ ਡੇਢ ਸਾਲ ਦੌਰਾਨ ਵੱਖ-ਵੱਖ ਜਾਂਚ ਏਜੰਸੀਆਂ ਵੱਲੋਂ ਕੀਤੀ ਗਈ ਜਾਂਚ ਦੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਵਕੀਲ ਇਸ ਫੈਸਲੇ ਨੂੰ ਉਤਲੀ ਕੋਰਟ ਵਿੱਚ ਚੁਣੌਤੀ ਦੇਣਗੇ।




jobs! jobs! jobs! jobs! jobs!

DUNDAS · JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

# ਘਰ ਦੇ ਮੁਖੀ ਨੇ ਪਰਿਵਾਰ ਨੂੰ ਗੋਲੀਆਂ ਮਾਰ ਕੇ ਖ਼ੁਦਕੁਸ਼ੀ ਕੀਤੀ

ਰੋਮ, 12 ਨਵੰਬਰ (ਪੋਸਟ ਬਿਊਰੋ)- ਇਟਲੀ ਦੇ ਉਤਰੀ ਹਿੱਸੇ ਵਿੱਚ ਜ਼ਿਲ੍ਹਾ ਤੋਰੀਨੋ ਦੇ ਪਿੰਡ ਕਾਰੀਨੀਆਨੋ ਵਿੱਚ ਇੱਕ 40 ਸਾਲਾ ਵਿਅਕਤੀ ਨੇ ਆਪਣੀ ਪਤਨੀ ਅਤੇ 2 ਛੋਟੇ ਬੱਚਿਆਂ ਨੂੰ ਗੋਲੀਆਂ ਮਾਰ ਕੇ ਖ਼ੁਦਕੁਸ਼ੀ ਕਰ ਲਈ ਹੈ।



ਇਟਲੀ ਮੀਡੀਆ ਦੀਆਂ ਖ਼ਬਰਾਂ ਮੁਤਾਬਕ ਇਸ ਵਿਅਕਤੀ ਨੇ ਪਹਿਲਾਂ ਆਪਣੀ ਪਤਨੀ ਅਤੇ ਬੱਚਿਆਂ ਨੂੰ ਗੋਲੀਆਂ ਮਾਰੀਆਂ ਤੇ ਬਾਅਦ ਵਿੱਚ ਘਰ ਵਿੱਚ ਰੱਖੇ ਕੁੱਤੇ ਨੂੰ ਗੋਲੀ ਮਾਰੀ ਅਤੇ ਅਖੀਰ ਵਿੱਚ ਆਪਣੇ ਸਿਰ ਵਿੱਚ ਗੋਲੀ ਮਾਰ ਲਈ। ਇਸ ਘਟਨਾ ਤੋਂ ਪਹਿਲਾਂ ਉਸ ਨੇ ਆਪਣੀ ਭਰਾ ਨੂੰ ਫੋਨ ਕਰਕੇ ਅਜਿਹਾ ਕਰਨ ਬਾਰੇ ਜਾਣਕਾਰੀ ਦਿੱਤੀ ਸੀ। ਉਹ ਇਟਲੀ ਦੇ ਦੂਜੇ ਸ਼ਹਿਰ ਵਿੱਚ ਰਹਿੰਦਾ ਹੈ। ਗੁਆਂਢ ਵਿੱਚ ਰਹਿੰਦੇ ਇੱਕ ਪਰਵਾਰ ਦੇ ਮੈਂਬਰਾਂ ਵੱਲੋਂ ਪੁਲਸ ਨੂੰ ਸੂਚਿਤ ਕਰਨ ਮਗਰੋਂ ਕਾਰਾਬਨੇਰੀ ਪੁਲਸ ਘਟਨਾ ਵਾਲੀ ਜਗ੍ਹਾ 'ਤੇ ਪੁੱਜੀ। ਦੱਸਿਆ ਜਾਂਦਾ ਹੈ ਕਿ ਜਦੋਂ ਉਸ ਵਿਅਕਤੀ ਨੂੰ ਪੁਲਸ ਹਸਪਤਾਲ ਲੈ ਕੇ ਜਾਣ ਲੱਗੀ ਸੀ ਤਾਂ ਉਸ ਨੇ ਵੀ



ਦਮ ਤੋੜ ਦਿੱਤਾ। ਦੋ ਬੱਚਿਆਂ ਵਿੱਚੋਂ ਇੱਕ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਦੂਜੀ ਕੁੜੀ ਦੀ ਹਾਲਤ ਗੰਭੀਰ ਬਣੀ ਹੋਈ ਹੈ। ਇਸ ਘਟਨਾ ਬਾਰੇ ਪੁਲਸ ਬਹੁਤ ਬਾਰੀਕੀ ਨਾਲ ਜਾਂਚ-ਪੜਤਾਲ ਕਰ ਰਹੀ ਹੈ। ਇਸ ਘਟਨਾ ਦੇ ਪਿੱਛੇ ਕੀ ਕਾਰਨ ਹੋਣਗੇ ਇਹ ਪੁਲਸ ਦੀ ਕਾਰਵਾਈ ਤੋਂ ਬਾਅਦ ਸਾਹਮਣੇ ਆਵੇਗਾ। ਫਿਲਹਾਲ ਨੇੜਲੇ ਘਰਾਂ ਦੇ ਲੋਕਾਂ ਤੋਂ ਮਿਲੀ ਜਾਣਕਾਰੀ ਦੇ ਮੁਤਾਬਕ ਇਸ ਪਰਵਾਰ ਵਿੱਚ ਅਕਸਰ ਲੜਾਈ ਹੁੰਦੀ ਰਹਿੰਦੀ ਸੀ। ਪੁਲਸ ਵੱਲੋਂ ਅਨੁਮਾਨ ਲਾਇਆ ਜਾ ਰਿਹਾ ਹੈ ਕਿ ਸ਼ਾਇਦ ਘਟਨਾ ਦੇ ਪਿੱਛੇ ਪਤੀ-ਪਤਨੀ ਦੀ ਲੜਾਈ ਇੱਕ ਕਾਰਨ ਹੋ ਸਕਦਾ ਹੈ।

# ਸ਼ਾਹਬਾਜ਼ ਸ਼ਰੀਫ਼ ਤੇ ਹਮਜ਼ਾ ਦੇ ਖ਼ਿਲਾਫ਼ ਹਵਾਲਾ ਕੇਸ 'ਚ ਦੋਸ਼ ਤੈਅ

ਲਾਹੌਰ, 12 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਵਿਰੋਧੀ ਧਿਰ ਦੇ ਨੇਤਾ ਤੇ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐਮ ਐਲ ਐਨ) ਦੇ ਪ੍ਰਧਾਨ ਸ਼ਾਹਬਾਜ਼ ਸ਼ਰੀਫ਼ ਤੇ ਉਨ੍ਹਾਂ ਦੇ ਬੇਟੇ ਹਮਜ਼ਾ ਸ਼ਾਹਬਾਜ਼ ਦੇ ਖ਼ਿਲਾਫ਼ ਜਵਾਬਦੇਹੀ ਅਦਾਲਤ ਦੇ ਜੱਜ ਜਵਾਦੁਲ ਹਸਨ ਨੇ ਹਵਾਲਾਕੇਸ 'ਚ ਦੋਸ਼ ਤੈਅ ਕੀਤੇ ਹਨ।



ਪਾਕਿਸਤਾਨ ਦੀ ਭ੍ਰਿਸ਼ਟਾਚਾਰ ਵਿਰੋਧੀ ਸੰਸਥਾ ਕੌਮੀ ਜਵਾਬਦੇਹ ਬਿਊਰੋ (ਐਨ ਏ ਬੀ) ਨੇ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੇ ਭਰਾ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ਼ ਦੇ ਨਾਲਉਸ ਦੇ ਪੁੱਤਰ ਹਮਜ਼ਾ ਸ਼ਾਹਬਾਜ਼ ਖ਼ਿਲਾਫ਼ ਹਵਾਲਾ ਰਾਸ਼ੀ ਮਾਮਲੇ 'ਚ ਕੇਸ ਦਰਜ ਕੀਤਾ ਸੀ। ਸ਼ਾਹਬਾਜ਼ ਤੇ ਹਮਜ਼ਾ ਨੇ ਆਪਣੇ 'ਤੇ ਲੱਗੇ ਦੋਸ਼ਾਂ ਤੋਂ ਇਨਕਾਰ ਕਰਦਿਆਂ ਨਿਰਦੋਸ਼ ਹੋਣ ਦਾ ਦਾਅਵਾ ਕੀਤਾ ਹੈ। ਸ਼ਾਹਬਾਜ਼ ਸ਼ਰੀਫ਼ ਨੇ ਅਦਾਲਤ ਨੂੰ ਪ੍ਰਧਾਨ ਮੰਤਰੀ ਇਮ-ਰਾਨ ਖ਼ਾਨ ਦਾ ਹਵਾਲਾ ਦਿੰਦਿਆਂ ਕਿਹਾ ਕਿ ਰਾਜਨੀਤਿਕ ਵਿਰੋਧੀਆਂ ਨੇ ਉਨ੍ਹਾਂ ਸਮੇਤ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਖ਼ਿਲਾਫ਼ ਝੂਠੇ ਕੇਸ ਬਣਾਏ ਸਨ। ਉਨ੍ਹਾਂ ਦਾਅਵਾ ਕੀਤਾ ਕਿ ਜੇਉਨ੍ਹਾਂ ਦੀ ਮੌਤ ਤੋਂ ਬਾਅਦ ਵੀ ਉਨ੍ਹਾਂ 'ਤੇ ਇੱਕ ਰੁਪਏ ਦਾ ਭ੍ਰਿਸ਼ਟਾਚਾਰ ਦਾ ਦੋਸ਼ ਸਾਬਤ ਹੁੰਦਾ ਹੈ ਤਾਂ ਉਨ੍ਹਾਂ ਦੀ ਲਾਸ਼ ਨੂੰ ਕਬਰ ਤੋਂ ਬਾਹਰ ਕੱਢ ਕੇ ਫਾਂਸੀ 'ਤੇ ਲਟਕਾ ਦਿੱਤਾ ਜਾਵੇ।

# ਟਰੰਪ ਵੱਲੋਂ ਦੋਸ਼, ਕੋਰੋਨਾ ਦੇ ਟੀਕੇ ਦਾ ਐਲਾਨ ਚੋਣਾਂ ਤੋਂ ਪਹਿਲਾਂ ਜਾਣ-ਬੁਝ ਕੇ ਨਹੀਂ ਸੀ ਕੀਤਾ ਗਿਆ

ਵਾਸ਼ਿੰਗਟਨ, 12 ਨਵੰਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਖੁਰਾਕ ਅਤੇ ਦਵਾਈ ਪ੍ਰਸ਼ਾਸਨ (ਐਫ ਡੀ ਏ) ਅਤੇ ਦਵਾਈ ਕੰਪਨੀ ਫਾਈਜ਼ਰ 'ਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਨੇ ਚੋਣ ਤੋਂ ਪਹਿਲਾਂ ਕੋਰੋਨਾ ਦੇ ਟੀਕੇ ਦਾ ਐਲਾਨ ਜਾਣ ਬੁੱਝ ਕੇ ਨਹੀਂਕੀਤਾ, ਕਿਉਂਕਿ ਇਸ ਨਾਲ ਉਨ੍ਹਾਂ ਦੀ ਜਿੱਤ ਹੋ ਸਕਦੀ ਸੀ।



ਇਸ ਬਾਰੇ ਟਰੰਪ ਨੇ ਟਵੀਟ ਕਰਦੇ ਹੋਏ ਕਿਹਾ ਕਿ ਐਫ ਡੀ ਏ ਅਤੇ ਡੈਮੋਕ੍ਰੇਟਸ ਚੋਣ ਤੋਂ ਪਹਿਲਾਂ ਮੈਨੂੰ ਟੀਕੇ ਦਾ ਸਿਹਰਾ ਨਹੀਂ ਦੇਣਾ ਚਾਹੁੰਦੇ ਸਨ, ਕਿਉਂਕਿ ਇਸ ਨਾਲ ਮੈਨੂੰ ਚੋਣ ਵਿੱਚ ਜਿੱਤ ਮਿਲ ਸਕਦੀ ਸੀ। ਖਾਸ ਗੱਲ ਇਹ ਹੈ ਕਿ ਟੀਕੇ ਦਾ ਐਲਾਨ ਚੋਣਾਂ ਦੇ ਪੰਜ ਦਿਨ ਪਿੱਛੋਂ ਕੀਤਾ ਗਿਆ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲੇ ਫਾਈਜ਼ਰ ਨੇ ਦਾਅਵਾ ਕੀਤਾ ਸੀ ਕਿ ਉਸ ਦਾ ਟੀਕਾ ਕੋਰੋਨਾ ਦੀ ਬਿਮਾਰੀ ਨੂੰ ਰੋਕਣ ਵਿੱਚ ਨੱਬੇ ਫੀਸਦੀ ਕਾਰਗਰ ਹੈ। ਫਾਈਜ਼ਰ ਨੇ ਇਸ ਬਾਰੇ ਕੁਝ ਵਿਸਥਾਰ ਨਾਲ ਨਹੀਂ ਦੱਸਿਆ, ਪਰੰਤੂ ਕਿਹਾ ਕਿ ਅਧਿਐਨ ਦੇ ਅੰਤ ਤੱਕ ਨਤੀਜੇ ਵਿੱਚ ਬਦਲਾਅ ਹੋ ਸਕਦਾ ਹੈ।

ਇਸ ਦੌਰਾਨ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਈਡਨ ਵੱਲੋਂ ਬਣਾਈ ਗਈ ਕੋਰੋਨਾ ਟਾਸਕ ਫੋਰਸ ਵਿੱਚ ਦੋ ਭਾਰਤੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਮੂਲ ਰੂਪ ਤੋਂ ਕਰਨਾਟਕ ਦੇ ਵਸਨੀਕ ਡਾ. ਵਿਵੇਕ ਮੂਰਤੀ ਨੂੰ ਜਿੱਥੇ ਇਸ ਟਾਸਕ ਫੋਰਸ ਦਾ ਕੋ-ਚੇਅਰਮੈਨ ਬਣਾਇਆ ਗਿਆ ਹੈ, ਉਥੇ ਡਾ. ਅਤੁਲ ਗਵਾਂਡੇ ਨੂੰ ਟਾਸਕ ਫੋਰਸ ਦਾ ਮੈਂਬਰ ਬਣਾਇਆ ਗਿਆ ਹੈ। ਮੂਲ ਰੂਪ ਤੋਂ ਮਹਾਰਾਸ਼ਟਰ ਤੋਂ ਆਏ ਅਤੁਲ ਗਵਾਂਡੇ ਨੇ ਇਸ ਜ਼ਿੰਮੇਵਾਰੀ ਲਈ ਬਾਈਡਨ ਪ੍ਰਸ਼ਾਸਨ ਦਾ ਧੰਨਵਾਦ ਕੀਤਾ ਹੈ। ਕਰਨਾਟਕ ਦੇ ਵਸਨੀਕ ਮੂਰਤੀ ਸਾਲ 2014 ਤੋਂ 2017 ਤੱਕ ਅਮਰੀਕਾ ਦੇ 19ਵੇਂ ਜਨਰਲ ਸਰਜਨ ਰਹੇ ਹਨ।

# ਰੂਸ ਦੇ ਦਖਲ ਨਾਲ ਆਰਮੇਨੀਆ ਤੇ ਅਜ਼ਰਬੇਜਾਨ ਵਿਚਾਲੇ ਲੜਾਈ ਖਤਮ

ਯੇਰੇਵਾਨ, 12 ਨਵੰਬਰ (ਪੋਸਟ ਬਿਊਰੋ)- ਡੇਢ ਮਹੀਨੇ ਤੋਂ ਚੱਲਦੀ ਆ ਰਹੀ ਲੜਾਈ ਦੇ ਬਾਅਦ ਕੱਲ੍ਹ ਆਰਮੇਨੀਆ ਅਤੇ ਅਜ਼ਰਬੇਜਾਨ ਦੋਵਾਂ ਨੇ ਅਜ਼ਰਬੇਜਾਨ ਸਰਹੱਦ ਵਿੱਚ ਮੌਜੂਦ ਅਤੇ ਆਰਮੇਨੀਆਈ ਜਾਤੀ ਗਰੁੱਪ ਵੱਲੋਂ ਕੰਟਰੋਲ ਨਾਗੋਰਨੋ-ਕਾਰਾਬਾਖ ਖੇਤਰ ਵਿੱਚਰੂਸ ਦੇ ਦਖਲ ਨਾਲ ਲੜਾਈ ਖਤਮ ਕਰਨ ਦਾ ਐਲਾਨ ਕੀਤਾ ਹੈ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਦੋਵਾਂ ਦੇਸ਼ਾਂ ਨੂੰ ਜੰਗਬੰਦੀ ਦੇ ਲਈ ਰਾਜ਼ੀ ਕੀਤਾ ਹੈ। ਰੂਸ ਦੀਆਂ ਫੌਜਾਂ ਇਸ ਜੰਗਬੰਦੀ ਸਮਝੌਤੇ ਦੀ ਨਿਗਰਾਨੀ ਕਰਨਗੀਆਂ। ਸਮਝੌਤੇ ਦੇ ਤਹਿਤ ਤਕਰਬੀਨ 2000 ਰੂਸੀ ਸ਼ਾਂਤੀ ਰੱਖਿਅਕ ਇਲਾਕੇ ਵਿੱਚ ਤਾਇਨਾਤ ਹੋਣਗੇ।



ਜੰਗ ਖਤਮ ਹੋਣ ਪਿੱਛੋਂ ਖ਼ੁਸ਼ੀ ਮਨਾਉਂਦੇ ਹੋਏ ਅਜ਼ਰਬੇਜਾਨ ਦੇ ਲੋਕ।

ਆਰਮੇਨੀਆ ਦੇ ਪ੍ਰਧਾਨ ਮੰਤਰੀ ਨਿਕਾਲੇ ਪਸ਼ੀਨਈਨ ਨੇ ਫੇਸਬੁੱਕ 'ਤੇ ਲਿਖਿਆ ਕਿ ਉਨ੍ਹਾਂ ਨੇ ਰੂਸ ਤੇ ਅਜ਼ਰਬੇਜਾਨ ਨਾਲ ਜੰਗਬੰਦੀ ਦੇ ਸਮਝੌਤੇ 'ਤੇ ਦਸਖ਼ਤ ਕੀਤੇ ਹਨ। ਉਨ੍ਹਾਂ ਨੇ ਕਿਹਾ ਕਿ ਇਹ ਸਮਝੌਤਾ ਕਰਨਾ ਉਨ੍ਹਾਂ ਦੇਲਈ ਦੁੱਖਦਾਈ ਹੈ, ਪਰ ਲੋਕਾਂ ਦੀ ਜਾਨ ਬਚਾਉਣ ਦੇ ਲਈ ਜ਼ਰੂਰੀ ਸੀ।ਆਰਮੇਨੀਆ ਦੀ ਰਾਜਧਾਨੀ ਯੇਰੇਵਾਨ ਦੇ ਮੁੱਖ ਚੌਕ 'ਤੇ ਹਜ਼ਾਰਾਂ ਲੋਕ ਜਮ੍ਹਾ ਹੋਏ ਤੇ ਸਮਝੌਤ ਦਾ ਵਿਰੋਧ ਕੀਤਾ। ਪ੍ਰਦਰਸ਼ਨਕਾਰੀ ਨਾਅਰੇ ਲਾ ਰਹੇ ਸਨ ਕਿ ਅਸੀਂ ਆਪਣੀ ਜ਼ਮੀਨ ਨਹੀਂਦੇ ਸਕਦੇਅਤੇ ਪਸ਼ੀਨਈਨ ਦਾ ਬਦਲ ਤਲਾਸ਼ ਰਹੇ ਹਾਂ। ਸੋਵੀਅਤ ਰੂਸ ਦੀ ਵੰਡ ਪਿੱਛੋਂ 1991 ਵਿੱਚ ਨਾਗੋਰਨੋ-ਕਾਰਾਬਾਖ ਨੂੰ ਅਜ਼ਰਬੇਜਾਨ ਨੂੰ ਦੇ ਦਿੱਤਾ ਗਿਆ ਸੀ। ਇਸ ਸੂਬੇ ਵਿੱਚ ਵਧੇਰੇ ਆਬਾਦੀ ਆਰਮੇਨੀਆ ਈਸਾਈ ਭਾਈਚਾਰੇ ਦੀ ਹੈ।



ਮਿਲਟਰੀ ਅਫਸਰਾਂ ਨੂੰ ਮਿਲਦੇ ਹੋਏ ਅਰਮੀਨੀਆ ਦੇ ਪ੍ਰਧਾਨ ਮੰਤਰੀ ਨਿਕਾਲੇ ਪਸ਼ੀਨਈਨ।



ਜੰਗ ਦੀ ਤਬਾਹੀ ਮਗਰੋਂ ਬਚਿਆ ਸਾਮਾਨ ਇਕੱਠਾ ਕਰਦਾ ਅਰਮੀਨੀਅਨ ਨਿਵਾਸੀ।


Other Realtors only Promise
But JAG AUJLA SOLD YOUR HOME WITH
GUARANTEE
Advertisement GUARANTEED Till SOLD



JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

Top 1% Ranked In* Broker
Call For a Quick & Free Home Evaluation
www.BramptonQuickHomeEvaluation.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON




ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ । ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ । ਡਾਇਨੀਂਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੂਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ' ਸੰਪਰਕ ਕਰ ਸਕਦੇ ਹੋ ।

BRAMPTON



ਵੀਲੀਅਮ ਪਾਕਵੇ/ਰੋਇਲ ਓਰਚਾਰਡ

ਲਗਭਗ 2800 ਸੁਕੇਅਰ ਫੁੱਟ ਵਿੱਚ ਬਣਿਆ 5+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ। 48 ਫੁੱਟ ਲਾਟ ਹੈ। ਫਿਨੀਸ਼ਡ ਬੇਸਮੈਂਟ ਅਤੇ ਸੇਪਰੈਟ ਸਾਈਡ ਏਨਟਰੈਂਸ । ਨਵੀਂ ਰੂਫ ਸ਼ਿੰਗਲ ਅਤੇ ਨਵੀਂ ਅਪਗ੍ਰੇਡੇਡ ਕਿਚਨ ਜਿਸ ਵਿੱਚ ਗਰੇਨਾਈਟ ਟਾਪ ਹੈ । ਪੈਂਟਰੀ ਨਾਲ ਬਰੇਕਫਾਸਟ ਏਰੀਆ। ਗਲਿਮੀਂਗ ਹਾਰਡਵੂਡ ਫਲੋਰ। ਬੈਡਰੂਮ ਵਿੱਚ ਲੈਮੀਨੇਟ ਫਲੋਰ। ਓਕ ਸਟੇਅਰ ਕੇਸ। ਮਾਸਟਰ ਬੈਡਰੂਮ 5 ਪੀਸ ਈਨਸੂਟ। ਸਾਰੀਆਂ ਸਹੂਲਤਾਂ ਦੇ ਨੇੜੇ ।

BRAMPTON



ਹਾਈਵੇ 10 / ਮੇਅਫਿਲਡ ਰੋਡ

ਬਰੈਂਪਟਨ ਵਿੱਚ ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡੀਟੈਚਡ ਘਰ। ਇਨ ਗਰਾਂਊਂਡ ਸਵਿਮਿੰਗ ਪੂਲ। ਬਹੁਤ ਸਾਰੀਆਂ ਅਪਗ੍ਰੇਡਜ਼ ਕੀਤੇ ਹਨ। ਫਿਨੀਸ਼ਡ ਬੇਸਮੈਂਟ। ਸਾਰੇ ਘਰ ਵਿੱਚ ਹਾਰਡਵੂਡ ਫਲੋਰ। ਮੈਨ ਫਲੋਰ 9 ਫੁੱਟ ਸਿਲਿੰਗ। ਅਪਗ੍ਰੇਡੇਡ ਕਿਚਨ ਅਤੇ ਗਰੇਨਾਈਟ ਕਾਊਨਟਰ ਟਾਪ। ਮਾਸਟਰ ਬੈਡਰੂਮ 5 ਪੀਸ ਈਨਸੂਟ। ਸਟੇਨਲੈਸ ਸਟੀਲ ਅਪਲਾਈਨਸੈਸ, ਅਤੇ ਬਰੇਕਫਾਸਟ ਏਰੀਆ ਪਿਛੇ ਬੈਕਯਾਰਡ ਵਿੱਚ ਬਣੇ ਪੂਲ ਨੂੰ ਜਾਂਦਾ ਹੈ। ਸਾਰੀਆਂ ਸਹੂਲਤਾਂ ਦੇ ਨੇੜੇ ।

BRAMPTON



ਵੈਨਕ੍ਰਿਕ / ਵੈਨਲੇਸ / ਸੈਂਡਲਵੂਡ

ਬਹੁਤ ਹੀ ਸੋਹਣਾ ਅਤੇ ਸ਼ਾਨਦਾਰ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਸੇਮੀ ਡੀਟੈਚਡ ਘਰ। ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਲਈ ਵਧੀਆ ਮੌਕਾ। ਫਿਨੀਸ਼ਡ ਬੇਸਮੈਂਟ ਅਤੇ ਸੇਪਰੇਟ ਏਨਟਰੈਂਸ ਹੈ। ਦੂਜੀ ਫਲੋਰ 2019 ਵਿੱਚ ਲੈਮੀਨੇਟ ਕੀਤੀ ਹੈ । ਰੂਫ ਸ਼ਿੰਗਲ 2017 ਵਿੱਚ ਬਦਲਿਆ ਹੈ । ਵੂਡ ਸਟੇਅਰ ਕੇਸ ਅਤੇ ਬਹੁਤ ਹੀ ਸੋਹਣੀ ਈਟ ਈਨ ਕਿਚਨ ਜਿਸ ਵਿੱਚ ਡਿਸ਼ਵਾਸ਼ਰ ਹੈ ਅਤੇ ਬਰੈਕ ਫਾਸਟ ਏਰੀਏ ਤੋਂ ਤੁਸੀ ਪੇਟੀਓ ਵਿੱਚ ਜਾ ਸਕਦੇ ਹੋ।

BRAMPTON




ਕਵੀਨ ਸਟ੍ਰੀਟ / ਸੈਂਟ੍ਰਲ ਪਾਕਵੈ

ਬ੍ਰਾਇਟ ਅਤੇ ਸਪੋਟਲੈਸ, ਬਹੁਤ ਸਾਰੇ ਕੁਦਰਤੀ ਰੌਸ਼ਨੀ ਦੇ ਨਾਲ ਕਾਰਨਰ ਐਂਡ ਯੂਨਿਟ ਲੱਭਣ ਲਈ ਦੁਰਲੱਭ, 3 ਬੈਡਰੂਮ + ਸੋਲਾਰਿਅਮ + 2 ਪੂਰੇ ਵਾਸ਼ਰੂਮ ਪੇਸ਼ ਕਰਦੇ ਹਨ + ਲਾਂਡਰੀ + 2 ਪਾਰਕਿੰਗ (# 177) ਟੇਨਡੇਮ ਅੱਗੇ ਐਲੀਵੇਟਰਸ / ਕਾਰ ਕੇਅਰ ਸੈਂਟਰ ਦੇ ਅੱਗੇ. ; ਸੁੰਦਰ ਖਾਣਾ ਰਸੋਈ ਵਿਚ ਬੈਕ ਸਪਲੈਸ਼ਸ, ਪੈਂਟਰੀ, ਬੀ /ਆਈ ਡਿਸ਼ਵਾਸ਼ਰ ਅਤੇ ਐਸ /ਡਬਲਯੂ ਵਿਊ ਨਾਲ; ਮਾਸਟਰ ਬੈਡਰੂਮ ਕੋਲ 4 ਪੀਸੀ ਐਨਸੁਆਇਟ (ਨਵੀਂ ਵੈਨਿਟੀ-ਮਿਰਰ) ਅਤੇ ਵਾਕਇਨ ਕਲੋਜ਼ਟ; ਬਹੁਤ ਸਾਰੀ ਸਟੋਰੇਜ ਹਨ।



ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8




$369,900
2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ ।




$539,900
HWY 427/REXDALE
ਹੰਬਰ ਰੀਵਰ ਅਤੇ ਸ਼ਹਿਰ ਦੇ ਪੈਨੋਰਾਮਿਕ ਦ੍ਰਿਸ਼ਾਂ ਵਾਲਾ ਲੱਕਸ ਟ੍ਰਾਈਡਲ ਬਿਲਟ ਕਾਂਡੋ। 2 ਵੱਡੇ ਬੈਡਰੂਮ ਅਤੇ 2 ਫੁੱਲ ਵਾਸ਼ਰੂਮ, ਲਿਵਿੰਗ ਏਰੀਆ ਵਿੱਚ ਲੇਮੀਨੈਟ ਫੋਲੋਰਿੰਗ, ਇਨਸੂਟ ਲਾਂਡਰੀ, ਵਧੀਆ ਲੋਕੇਸ਼ਨ। ਸਕੂਲ, ਸ਼ਾਪ, ਲਾਈਬਰੈਰੀ, ਹਾਈਵੇ 427/401, ਪਬਲਿਕ ਟਰਾਂਸਪੋਰਟ /ਟੀ ਟੀ ਸੀ/ ਗੋ ਸਟੇਸ਼ਨ ਵੁੱਡਬਾਈਨ ਕੈਸੀਨੋ/ ਟਰੈਕ ਅਤੇ ਹਵਾਈ ਅੱਡੇ ਦੇ ਬਿਲਕੁਲ ਨੇੜੇ ।




$1,149,000
SANDALWOOD/BRAMALEA
ਬਹੁਤ ਹੀ ਖੂਬਸੂਰਤ ਘਰ, ਤਾਜ਼ੇ ਰੰਗ ਨਾਲ ਪੇਂਟ ਕੀਤੇ। ਸਾਰੇ ਘਰ ਵਿੱਚ ਹਾਰਡਵੂਡ ਫਲੋਰ। 4 ਸ਼ਾਨਦਾਰ ਬੈਡਰੂਮ, 2 ਮਾਸਟਰ ਨਾਲ 4 ਪੀਸ ਐਨਸੂਇਟਸ ਅਤੇ ਵਾਕ ਈਨ ਕਲਾਜ਼ਟ। ਓਪਨ ਕੰਸੈਪਟ ਕਿਚਨ ਏਰੀਆ ਓਵਰਲੋਕਿੰਗ ਬੈਕਯਾਰਡ। ਵੱਖਰਾ ਡਾਇਨਿੰਗ ਰੂਮ। ਮੈਨ ਫਲੋਰ ਲਿਵਿੰਗ ਅਤੇ ਫੈਮਲੀ ਰੂਮ। ਫਿਨੀਸ਼ਡ ਬੇਸਮੈਂਟ 2 4ਪੀ ਸੀ ਵਾਸ਼ਰੂਮ। ਸੇਪਰੇਟ ਏਨਟਰੈਂਸ। 6 ਡਰਾਈਵੇ ਪਾਰਕਿੰਗ +2 ਕਾਰ ਗਰਾਜ



NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, ETIHAD, KLM, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption
Manulife



Signature.ca
transat, sunwing, WestJet vacations, Air Canada Vacations
ticoca IATA

Call Us For Guaranteed Lowest Airfare
ANY Airline Time Destination Around the World

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

# ਵਾਅਨ ਵਿੱਚ ਹੋਏ ਦੋ ਵਿਆਹ ਸਮਾਰੋਹਾਂ ਤੋਂ ਕੋਵਿਡ-19 ਦੇ 17 ਮਾਮਲੇ ਆਏ ਸਾਹਮਣੇ

ਵਾਅਨ, 12 ਨਵੰਬਰ (ਪੋਸਟ ਬਿਊਰੋ) : ਯੌਰਕ ਰੀਜਨਲ ਪਬਲਿਕ ਹੈਲਥ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਕੋਵਿਡ-19 ਦੇ 17 ਮਾਮਲੇ ਵਾਅਨ ਵਿੱਚ ਹੋਏ ਦੋ ਵਿਆਹ ਸਮਾਰੋਹਾਂ ਨਾਲ ਜੁੜੇ ਹੋਏ ਹਨ। ਇਨ੍ਹਾਂ 17 ਨਵੇਂ ਮਾਮਲਿਆਂ ਵਿੱਚ ਯੌਰਕ ਪਬਲਿਕ ਹੈਲਥ ਨੇ ਆਖਿਆ ਕਿ 12 ਲੋਕ ਯੌਰਕ ਰੀਜਨ ਤੋਂ ਹਨ ਤੇ ਬਾਕੀ ਪੰਜ ਟੋਰਾਂਟੋ ਤੋਂ ਹਨ। ਸਿਹਤ ਅਧਿਕਾਰੀਆਂ ਨੇ ਕੋਵਿਡ-19 ਦੇ ਪਾਜ਼ੀਟਿਵ ਮਾਮਲਿਆਂ ਨੂੰ ਹੇਠ ਲਿਖੇ ਅਨੁਸਾਰ ਵੰਡਿਆ:



- ਪਹਿਲੇ ਵਿਆਹ ਲਈ 12 ਲੋਕਾਂ ਨੇ ਪ੍ਰੀ-ਵੈਡਿੰਗ ਈਵੈਂਟ ਵਿੱਚ ਹਿਸਾ ਲਿਆ
- ਦੂਜੇ ਵਿਆਹ ਲਈ 16 ਲੋਕਾਂ ਨੇ ਸਮਾਰੋਹ ਵਿੱਚ ਹਿੱਸਾ ਲਿਆ
- 9 ਲੋਕਾਂ ਨੇ ਦੋਵਾਂ ਵਿਆਹ ਸਮਾਰੋਹਾਂ ਵਿੱਚ ਹਿੱਸਾ ਲਿਆ

ਯੌਰਕ ਰੀਜਨ ਪਬਲਿਕ ਹੈਲਥ ਨੇ ਦੱਸਿਆ ਕਿ ਇਹ ਦੋ ਵੱਖ ਵੱਖ ਵਿਆਹ ਸਮਾਰੋਹ ਮਾਰਖਮ ਤੇ ਐਜੈਕਸ ਵਿੱਚ ਵੱਖੋ ਵੱਖਰੀਆਂ ਥਾਂਵਾਂ ਉੱਤੇ ਹੋਏ। ਦੋਵੇਂ ਵਾਅਨ ਵਿੱਚ ਦੋ ਵੱਖ ਬੈਂਕੁਏਟ ਹਾਲਜ਼ ਵਿੱਚ ਹੋਏ ਤੇ ਇਨ੍ਹਾਂ ਨੂੰ ਘੱਟ ਰਿਸਕ ਵਾਲਾ ਦੱਸਿਆ ਗਿਆ। ਪਹਿਲੇ ਵਿਆਹ ਸਮਾਰੋਹ, ਜੋ ਕਿ 28 ਅਕਤੂਬਰ ਨੂੰ ਹੋਇਆ ਸੀ, ਦੇ ਪੋਸਟ ਵੈਡਿੰਗ ਸਮਾਰੋਹ ਨੂੰ ਹਾਈ ਰਿਸਕ ਦੱਸਿਆ ਗਿਆ। ਦੂਜਾ ਵਿਆਹ ਸਮਾਰੋਹ 30 ਅਕਤੂਬਰ ਨੂੰ ਹੋਇਆ। ਦੋਵਾਂ ਵਿਆਹਾਂ ਵਿੱਚ ਪ੍ਰੀ-ਵੈਡਿੰਗ ਤੇ ਪੋਸਟ ਵੈਡਿੰਗ ਵਿਚ ਹਿੱਸਾ ਲੈਣ ਵਾਲਿਆਂ ਨੂੰ ਹੀ ਹਾਈ ਰਿਸਕ ਮਾਮਲੇ ਦੱਸਿਆ ਗਿਆ।

# ਰੈੱਡ ਜ਼ੋਨ ਵਿੱਚ ਦਾਖਲ ਹੋਣ ਕਾਰਨ ਪੀਲ ਵਿੱਚ ਲਾਗੂ ਹੋਣਗੇ ਸਖ਼ਤ ਨਿਯਮ

ਟੋਰਾਂਟੋ, 12 ਨਵੰਬਰ (ਪੋਸਟ ਬਿਊਰੋ) : ਪੀਲ ਰੀਜਨ ਵਿੱਚ ਕੋਵਿਡ-19 ਕਰੈਕਡਾਊਨ ਅੱਜ ਤੋਂ ਸ਼ੁਰੂ ਹੋਣ ਜਾ ਰਿਹਾ ਹੈ। ਰੀਜਨ ਦੇ ਹੈਲਥ ਅਧਿਕਾਰੀਆਂ ਵੱਲੋਂ ਕਰੋਨਾਵਾਇਰਸ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਵਾਧੂ ਮਾਪਦੰਡ ਅਪਣਾਏ ਜਾ ਰਹੇ ਹਨ। ਇਸ ਇਲਾਕੇ ਨੂੰ ਫੋਰਡ ਸਰਕਾਰ ਦੇ ਨਵੇਂ ਕਲਰ ਕੋਡਿਡ ਅਸੈਸਮੈਂਟ ਸਿਸਟਮ ਤਹਿਤ ਲਾਲ ਰੰਗ ਵਿੱਚ ਰੱਖਿਆ ਗਿਆ ਹੈ। ਐਤਵਾਰ ਨੂੰ ਪ੍ਰੋਵਿੰਸ ਵੱਲੋਂ ਕਰੋਨਾਵਾਇਰਸ ਦੇ 1328 ਰਿਕਾਰਡ ਮਾਮਲੇ ਦਰਜ ਕੀਤੇ ਗਏ। ਇਹ ਮਾਮਲੇ ਸ਼ਨਿੱਚਰਵਾਰ ਨੂੰ ਦਰਜ ਕੀਤੇ,1132 ਮਾਮਲਿਆਂ ਨਾਲੋਂ ਵੀ ਕਿਤੇ ਜ਼ਿਆਦਾ ਸਨ। ...ਬਾਕੀ ਪੰਨਾ 3 ’ਤੇ ਐਤਵਾਰ ਨੂੰ ਰਿਕਾਰਡ ਕੀਤੇ ਨਵੇਂ ਮਾਮਲਿਆਂ ਵਿੱਚ ਟੋਰਾਂਟੋ ਵਿੱਚ 434, ਪੀਲ ਵਿੱਚ 385, ਯੌਰਕ ਰੀਜਨ ਵਿੱਚ 105, ਓਟਵਾ ਵਿੱਚ 71, ਹੈਮਿਲਟਨ ਵਿੱਚ 68 ਤੇ ਦਰਹਾਮ ਵਿੱਚ 56 ਮਾਮਲੇ ਸ਼ਾਮਲ ਹਨ। ਕੋਵਿਡ-19 ਦੇ ਮਾਮਲਿਆਂ ਵਿੱਚ ਆਈ ਇਸ ਤਰ੍ਹਾਂ ਦੀ ਤੇਜ਼ੀ ਕਾਰਨ ਹੀ ਨਵੀਆਂ ਪਾਬੰਦੀਆਂ ਲਾਈਆਂ ਗਈਆਂ ਹਨ। ਨਵੇਂ ਸਿਸਟਮ ਤਹਿਤ ਸਿਰਫ ਪੀਲ ਹੀ ਅਜਿਹਾ ਰੀਜਨ ਹੈ ਜਿਸਨੂੰ ਰੈੱਡ ਜ਼ੋਨ ਵਿੱਚ ਰੱਖਿਆ ਗਿਆ ਹੈ। ਇਸ ਤੋਂ ਭਾਵ ਇਹ ਹੈ ਕਿ ਜਿੰਮਜ਼ ਤੇ ਰੈਸਟੋਰੈਂਟਸ ਦੀ ਇੰਡੋਰ ਸਮਰੱਥਾ ਸਿਰਫ 10 ਵਿਅਕਤੀ ਹੀ ਰੱਖੀ ਗਈ ਹੈ। ਪਰ ਪੀਲ ਦੇ ਮੈਡੀਕਲ ਆਫੀਸਰ ਆਫ ਹੈਲਥ ਡਾ. ਲਾਰੈਂਸ ਲੋਹ ਨੇ ਆਖਿਆ ਕਿ ਅੰਕੜੇ ਗਲਤ ਦਿਸ਼ਾ ਵੱਲ ਜਾ ਰਹੇ ਹਨ ਤੇ ਇਸ ਤੋਂ ਵੀ ਸਖ਼ਤ ਮਾਪਦੰਡ ਅਪਣਾਏ ਜਾਣ ਦੀ ਲੋੜ ਹੈ।



ਹੁਣ ਬੈਂਕੁਏਟ ਹਾਲ ਬੰਦ ਹੋ ਚੁੱਕੇ ਹਨ, ਇੱਥੇ ਕਿਸੇ ਵੀ ਤਰ੍ਹਾਂ ਦੇ ਵਿਆਹ ਸਮਾਰੋਹ ਨਹੀਂ ਹੋ ਸਕਣਗੇ, ਧਾਰਮਿਕ ਈਵੈਂਟਸ ਵੀ ਵਰਚੂਅਲ ਹੋਣਗੇ ਤੇ ਆਉਣ ਵਾਲੇ ਹਫਤਿਆਂ ਵਿੱਚ ਘਰ ਦੇ ਜੀਆਂ ਨੂੰ ਛੱਡ ਕੇ ਕਿਸੇ ਹੋਰ ਬਾਹਰਲੇ ਵਿਅਕਤੀ ਨਾਲ ਮੇਲ ਜੋਲ ਦੀ ਵੀ ਇਜਾਜ਼ਤ ਨਹੀਂ ਹੋਵੇਗੀ।









## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844**
**Email : matchjatt2018@gmail.com**

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6’2’’, ਜੋ ਕਿ ਆਸਟ੍ਰੇਲੀਆ ’ਚ ਸਟੱਡੀ ਵੀਜ਼ੇ ’ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ ’ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ ’ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5’11’’ ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5’10’’, Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 I +91-98142-02918 (Whatsapp)

Seeking a suitable match for their son, never married, 43 years, 6’ tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)






## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5’8’’, ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5’8’’, ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5’11’,ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5’11’’, ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5’7’’, ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5’-3’’, ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5’-5’’, MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5’3’’, ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5’-4’’, Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5’5’’, ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654










# ਟੀ.ਪੀ.ਏ.ਆਰ. ਕਲੱਬ ਨੇ 'ਰੀਮੈਂਬਰੈਂਸ ਡੇਅ ਯਾਦਗਾਰੀ ਦੌੜ' ਕੈਲਾਡਨ ਟਰੇਲ ਵਿਖੇ ਆਯੋਜਿਤ ਕੀਤੀ

## ਸਕੋਸ਼ੀਆਬੈਂਕ ਵਾਟਰਫ਼ਰੰਟ ਵਰਚੁਅਲ ਮੈਰਾਥਨ ਵਿਚ ਭਾਗ ਲੈਣ ਵਾਲਿਆਂ ਨੂੰ ਮੈਡਲ ਤੇ ਸਰਟੀਫ਼ੀਕੇਟ ਭਜਨ ਸਿੰਘ ਥਿੰਦ ਤੇ ਪਰਮਜੀਤ ਢਿੱਲੋਂ ਵੱਲੋਂ ਦਿੱਤੇ ਗਏ

### * ਕਈ ਰੇਸ ਈਵੈਂਟਾਂ ਦੀ ਆਯੋਜਕ ਕੈਲੀ ਆਰਨੌਂਟ ਨੇ ਦੌੜਾਕਾਂ ਨੂੰ ਮੈਡਲ ਪ੍ਰਦਾਨ ਕੀਤੇ







ਕੈਲਾਡਨ, (ਡਾ. ਝੰਡ) -ਪਹਿਲੀ ਤੇ ਦੂਸਰੀ ਸੰਸਾਰ ਜੰਗ ਅਤੇ ਉਸ ਤੋਂ ਬਾਅਦ ਹੋਈਆਂ ਲੜਾਈਆਂ ਵਿਚ ਸ਼ਹੀਦ ਹੋਣ ਵਾਲੇ ਕੈਨੇਡਾ ਦੇ ਫ਼ੌਜੀਆਂ ਨੂੰ ਹਰ ਸਾਲ 11 ਨਵੰਬਰ ਨੂੰ 'ਰੀਮੈਂਬਰੈਂਸ ਡੇਅ' ਦਿਨ 'ਤੇ ਯਾਦ ਕੀਤਾ ਜਾਂਦਾ ਹੈ ਅਤੇ ਕਈਆਂ ਸ਼ਹਿਰਾਂ ਵਿਚ ਇਸ ਨਾਲ ਸਬੰਧਿਤ ਬਣੀਆਂ ਯਾਦਗਾਰਾਂ ਉੱਪਰ ਫੁੱਲ-ਮਾਲਾਵਾਂ ਚੜ੍ਹਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਜਾਂਦੀ ਹੈ। ਕੈਨੇਡਾ ਦੇ ਇਸ ਮਹਾਨ ਦਿਨ ਨੂੰ ਸਮਰੱਪਿਤ ਲੰਘੇ ਐਤਵਾਰ 8 ਨਵੰਬਰ ਨੂੰ ਟੀ.ਪੀ.ਏ.ਆਰ. ਕਲੱਬ ਵੱਲੋਂ ਇਕ ਯਾਦਗਾਰੀ ਦੌੜ ਦਾ ਸਫ਼ਲਤਾ ਪੂਰਵਕ ਆਯੋਜਨ ਕੀਤਾ ਗਿਆ ਜਿਸ ਵਿਚ ਕਲੱਬ ਦੇ 25 ਮੈਂਬਰਾਂ ਨੇ ਹਿਸਾ ਲਿਆ। ਜੀ.ਟੀ.ਏ. ਅਤੇ ਇਸ ਦੇ ਆਸ-ਪਾਸ ਦੇ ਕਈ ਸ਼ਹਿਰਾਂ ਬਰਲਿੰਗਟਨ, ਹੈਮਿਲਟਨ, ਹਾਲਟਨ, ਨਿਆਗਰਾ ਫਾਲਜ਼, ਆਦਿ ਵਿਚ ਦੌੜਾਂ ਦੇ ਵੱਖ-ਵੱਖ ਈਵੈਂਟਸ ਆਯੋਜਿਤ ਕਰਨ ਵਾਲੀ ਮਹਾਨ ਸ਼ਖ਼ਸੀਅਤ ਕੈਲੀ ਆਰਨੌਂਟ ਨੇ ਇਸ ਮੌਕੇ ਦੌੜਾਂਕਾਂ ਨੂੰ ਮੈਡਲ ਪ੍ਰਦਾਨ ਕਰਕੇ ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਕੀਤੀ।

ਨਿਸਚਿਤ ਪ੍ਰੋਗਰਾਮ ਮੁਤਾਬਿਕ ਕਲੱਬ ਦੇ ਮੈਂਬਰ ਸਵੇਰੇ 8.30 ਵਜੇ ਕੈਲਾਡਨ ਦੇ ਸਿਵਿਕ ਸੈਂਟਰ ਦੇ ਸਾਹਮਣੇ ਖੁੱਲ੍ਹੀ ਪਾਰਕਿੰਗ ਵਿਚ ਇਕੱਠੇ ਹੋਏ। ਪ੍ਰਬੰਧਕਾਂ ਵੱਲੋਂ ਆਪਣੇ ਨਾਲ ਘਰਾਂ ਤੋਂ ਲਿਆਂਦੀ ਗਈ ਚਾਹ ਅਤੇ ਕੜਾਹ-ਪ੍ਰਸ਼ਾਦ ਛਕ ਕੇ ਸਾਰੇ ਮੈਂਬਰ ਸਵੇਰੇ 9.05 ਵਜੇ ਕੈਲਾਡਨ ਟਰੇਲ ਦੇ ਪੱਛਮ ਵੱਲ ਪਾਸੇ ਨੂੰ ਚੱਲ ਪਏ। ਕਰੋਨਾ ਦੀ ਮੌਜੂਦਾ ਸਥਿਤੀ ਨੂੰ ਮੁੱਖ ਰੱਖਦਿਆਂ ਹੋਇਆਂ ਪਹਿਲਾਂ ਦੌੜਾਕਾਂ ਦੇ ਗਰੁੱਪ ਨੂੰ ਹਰੀ ਝੰਡੀ ਦਿੱਤੀ ਗਈ ਜਿਸ ਵਿਚ 10 ਮੈਂਬਰ ਸ਼ਾਮਲ ਸਨ। ਉਸ ਤੋਂ ਬਾਅਦ ਸੋਸ਼ਲ-ਡਿਸਟੈਂਸਿੰਗ ਦਾ ਖ਼ਿਆਲ ਰੱਖਦਿਆਂ ਹੋਇਆਂ ਵਾੱਕਰਾਂ ਦੇ ਗਰੁੱਪ ਨੂੰ ਉਨ੍ਹਾਂ ਦੇ ਪਿੱਛੇ-ਪਿੱਛੇ ਜਾਣ ਲਈ ਕਿਹਾ ਗਿਆ ਜਿਸ ਦਾ ਹਰੇਕ ਵਿਅੱਕਤੀ ਵੱਲੋਂ ਪੂਰਾ ਧਿਆਨ ਰੱਖਿਆ ਗਿਆ।

10 ਕਿਲੋਮੀਟਰ ਦੌੜ ਦੀ ਸਮਾਪਤੀ 'ਤੇ ਜੀਟੀਏ ਦੇ ਕਈ ਸ਼ਹਿਰਾਂ ਵਿਚ ਦੌੜਾਂ ਦੇ ਕਈ ਈਵੈਂਟਸ ਦਾ ਆਯੋਜਨ ਕਰਨ ਵਾਲੀ ਵੀ.ਆਰ.ਪਰੋ. ਇੰਕ. ਦੀ ਸੀ.ਈ.ਓ. ਕੈਲੀ ਆਰਨੌਂਟ ਦੇ ਨਿਆਗਰਾ ਸ਼ਹਿਰ ਤੋਂ ਉਚੇਚੇ ਤੌਰ 'ਤੇ ਉੱਥੇ ਪਹੁੰਚਣ 'ਤੇ ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ, ਪੰਜਾਬੀ ਕਮਿਊਨਿਟੀ ਦੀ ਮਾਣਯੋਗ ਸ਼ਖ਼ਸੀਅਤ ਭਜਨ ਸਿੰਘ ਥਿੰਦ ਅਤੇ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਦੇ ਮੁੱਖ-ਸੰਚਾਲਕ ਪਰਮਜੀਤ ਸਿੰਘ ਢਿੱਲੋਂ ਵੱਲੋਂ ਖ਼ੂਬਸੂਰਤ ਬੁਕੇ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਉਪਰੰਤ, ਉੱਥੇ ਹੋਏ ਸੰਖੇਪ ਸਮਾਗ਼ਮ ਦੌਰਾਨ ਉਨ੍ਹਾਂ ਨੇ ਇਸ ਦੌੜ ਵਿਚ ਸ਼ਾਮਲ ਹੋਣ ਵਾਲਿਆਂ ਨੂੰ ਮੈਡਲ ਪ੍ਰਦਾਨ ਕੀਤੇ। ਕਰੋਨਾ ਦੇ ਅਜੋਕੇ ਦੌਰ ਨੂੰ ਸਨਮੁੱਖ ਰੱਖਦਿਆਂ ਹੋਇਆਂ ਮੁੱਖ-ਮਹਿਮਾਨ ਵੱਲੋਂ ਇਹ ਮੈਡਲ ਮੈਂਬਰਾਂ ਦੇ ਹੱਥਾਂ ਵਿਚ ਹੀ ਫੜਾਏ ਗਏ ਜੋ ਉਨ੍ਹਾਂ ਨੇ ਬਾਅਦ ਵਿਚ ਖ਼ੁਦ ਆਪਣੇ ਗਲ਼ਾਂ ਵਿਚ ਪਾ ਲਏ। ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ ਕਿ ਦੌੜ ਦੇ ਇਸ ਈਵੈਂਟ ਉਪਰੰਤ ਹੋਏ ਇਸ ਪ੍ਰਭਾਵਸ਼ਾਲੀ ਸਮਾਗ਼ਮ ਵਿਚ ਸ਼ਾਮਲ ਹੋ ਕੇ ਉਨ੍ਹਾਂ ਨੂੰ ਬੇਅੰਤ ਖ਼ੁਸ਼ੀ ਹੋਈ ਹੈ। ਉਨ੍ਹਾਂ ਕਿਹਾ ਕਿ ਉਹ ਭਵਿੱਖ ਵਿਚ ਇਨ੍ਹਾਂ ਅਗਾਂਹ-ਵਧੂ ਸੰਸਥਾਵਾਂ ਨਾਲ ਮਿਲ ਕੇ ਕੰਮ ਕਰਨਗੇ ਅਤੇ ਦੌੜਾਂ ਦੇ ਇਸ ਸਿਲਸਿਲੇ ਨੂੰ ਹੋਰ ਅੱਗੇ ਵਧਾਉਣ ਦੀ ਪੂਰੀ ਕੋਸ਼ਿਸ਼ ਕਰਨਗੇ।



ਸਕੋਸ਼ੀਆਬੈਂਕ ਟੋਰਾਂਟੋ ਵਾਟਰਫ਼ਰੰਟ ਵਰਚੂਅਲ ਮੈਰਾਥਨ 2020 ਵਿਚ ਭਾਗ ਲੈਣ ਵਾਲੇ ਟੀ.ਪੀ.ਏ.ਆਰ. ਕਲੱਬ ਦੇ ਮੈਂਬਰਾਂ ਨੂੰ ਮੈਡਲ ਅਤੇ ਸਰਟੀਫ਼ੀਕੇਟ ਸ. ਭਜਨ ਸਿੰਘ ਥਿੰਦ ਅਤੇ ਪਰਮਜੀਤ ਸਿੰਘ ਢਿੱਲੋਂ ਵੱਲੋਂ ਦਿੱਤੇ ਗਏ। ਮੈਡਮ ਕੈਲੀ ਆਰਨੌਂਟ ਨੂੰ ਸਨਮਾਨਿਤ ਕਰਨ ਲਈ ਟੀ.ਪੀ.ਏ.ਆਰ. ਕਲੱਬ, ਐਨੱਲਾਈਟ ਕਿਡਜ਼ ਸੰਸਥਾ ਅਤੇ ਗੁਰੂ ਗੋਬਿੰਦ ਸਿੰਘ ਫ਼ਾਊਂਡੇਸ਼ਨ ਵੱਲੋਂ ਸਾਂਝੇ ਤੌਰ 'ਤੇ ਤਿਆਰ ਕਰਵਾਈ ਗਈ ਖ਼ੂਬਸੂਰਤ ਪਲੇਕ ਡਾ. ਸੁਖਦੇਵ ਸਿੰਘ ਝੰਡ ਵੱਲੋਂ ਕੈਲੀ ਆਰਨੌਂਟ ਨੂੰ ਭੇਂਟ ਕੀਤੀ ਗਈ। ਇਸ ਮੌਕੇ ਇਨ੍ਹਾਂ ਤਿੰਨਾਂ ਸੰਸਥਾਵਾਂ ਦੇ ਸੰਚਾਲਕ ਅਤੇ ਕਲੱਬ ਦੇ ਮੈਂਬਰ ਉਨ੍ਹਾਂ ਦੇ ਨਾਲ ਖੜੇ ਸਨ। ਡਾ. ਝੰਡ ਵੱਲੋਂ ਕੈਲੀ ਆਰਨੌਂਟ, ਭਜਨ ਸਿੰਘ ਥਿੰਦ, ਪਰਮਜੀਤ ਸਿੰਘ ਢਿੱਲੋਂ ਅਤੇ ਹਰਦੇਵ ਸਮਰਾ ਦਾ ਢਿੱਲੋਂ ਦਾ ਇਸ ਮੌਕੇ ਉਚੇਚੇ ਤੌਰ 'ਤੇ ਸ਼ਾਮਲ ਹੋਣ ਲਈ ਹਾਰਦਿਕ ਧੰਨਵਾਦ ਕੀਤਾ ਗਿਆ। ਉਨ੍ਹਾ ਕਲੱਬ ਦੇ ਸਮੂਹ ਮੈਂਬਰਾਂ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਦੌੜ ਅਤੇ ਸਕੋਸ਼ੀਆਬੈਂਕ ਟੋਰਾਂਟੋ ਵਾਟਰਫ਼ਰੰਟ ਵਰਚੂਅਲ ਮੈਰਾਥਨ ਵਿਚ ਸਫ਼ਲਤਾ ਪੂਰਵਕ ਭਾਗ ਲਿਆ। ਸਮੁੱਚੇ ਪ੍ਰੋਗਰਾਮ ਨੂੰ ਮੰਚ-ਸੰਚਾਲਕ ਯੋਗੇਸ਼ ਗੁਲਿਆਨੀ ਉਰਫ਼ 'ਯੋਗੀ' ਵੱਲੋਂ ਬੜੇ ਸੁਚੱਜੇ ਢੰਗ ਨਾਲ ਤਰਤੀਬ ਦੇ ਕੇ ਪੇਸ਼ ਕੀਤਾ ਗਿਆ। ਉਪਰੰਤ, ਸਾਰਿਆ ਵੱਲੋਂ ਗਰਮ-ਗਰਮ ਪੀਜ਼ੇ ਦਾ ਲੰਚ ਕੀਤਾ ਗਿਆ ਅਤੇ ਇਕ ਦੂਸਰੇ ਤੋਂ ਵਿਦਾਇਗੀ ਲਈ ਗਈ।


ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

MARVES HARDWOOD FLOORING



Services:
Fence - Hardwood Flooring
Stairs - Small Renovation
John
416-787-6551

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ: 110 Glidden Rd., Brampton
ਜਾਂ ਫੇਰ ਈ-ਮੇਲ ਕਰੋ: jbrown@dundasjafine.com kkaur@dundasjafine.com

CALL TODAY FOR ANY CLASSIFIED OR MATRIMONIAL AD !!!
905-793-2202

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure:
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative
Residential | Commercial | Investment
(416) 970-5005
Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

A/Z CITY DRIVER WANTED
INNOVATION Transportation
○A/Z City Drivers Needed
○Good Pay and good Mileage
○Day, Afternoon & Weekend Shifts
○Weekly Pay
$22 /Hour
○7 Days Work ○All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services: • Complete Basement • Tiles • Bathrooms • Plumbing • Laminate • Hardwood Floor • Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $58 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 416-822-2590
Ants, Wasp, Centepede, Fleas, Bed Bugs

(905)793-2202
You can Place Your Business Here
To Reach Wider Audience

## ਪੁਲਿਸ ਡਾਟਾਬੇਸ ਦੀ ਅਣਅਧਿਕਾਰਤ ਵਰਤੋਂ ਲਈ ਅਧਿਕਾਰੀ ਨੂੰ ਕੀਤਾ ਚਾਰਜ




ਟੋਰਾਂਟੋ, 12 ਨਵੰਬਰ (ਪੋਸਟ ਬਿਊਰੋ) : ਹੈਮਿਲਟਨ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਆਪਣੇ ਹੀ ਇੱਕ ਅਧਿਕਾਰੀ ਨੂੰ ਬ੍ਰੀਚ ਆਫ ਟਰਸਟ ਤੇ ਕੰਪਿਊਟਰ ਦੀ ਅਣਅਧਿਕਾਰਕ ਵਰਤੋਂ ਦੇ ਦੋਸ਼ਾਂ ਦੇ ਸਬੰਧ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ।

ਛੇ ਸਾਲਾਂ ਤੋਂ ਫੋਰਸ ਦੇ ਮੈਂਬਰ ਮਾਈਲਜ਼ ਮਿਕੈਲਫ ਨੂੰ ਸੋਮਵਾਰ ਨੂੰ ਨਾਇਗਰਾ ਰੀਜਨ ਤੋਂ ਗ੍ਰਿਫਤਾਰ ਕੀਤਾ ਗਿਆ। ਪੁਲਿਸ ਦਾ ਕਹਿਣਾ ਹੈ ਕਿ ਉਸ ਨੂੰ ਬ੍ਰੀਚ ਆਫ ਟਰਸਟ ਦੇ ਸੱਤ ਮਾਮਲਿਆਂ ਵਿੱਚ ਤੇ ਕੰਪਿਊਟਰ ਦੀ ਅਣਅਧਿਕਾਰਤ ਵਰਤੋਂ ਦੇ ਨੌਂ ਮਾਮਲਿਆਂ ਵਿੱਚ ਚਾਰਜ ਕੀਤਾ ਗਿਆ ਹੈ।

ਜਾਂਚਕਾਰਾਂ ਨੇ ਦੋਸ਼ ਲਾਏ ਕਿ ਇਹ ਸਾਰੇ ਚਾਰਜਿਜ਼ ਪੁਲਿਸ ਡਾਟਾ-ਬੇਸ ਦੀ ਵਰਤੋਂ ਨਾਲ ਸਬੰਧਤ ਹਨ। ਪੁਲਿਸ ਸਰਵਿਸ ਐਕਟ ਆਫ ਓਨਟਾਰੀਓ ਤਹਿਤ ਮਿਕੈਲਫ ਨੂੰ ਤਨਖਾਹ ਸਮੇਤ ਸਸਪੈਂਡ ਕੀਤਾ ਗਿਆ ਹੈ। ਉਸ ਨੂੰ 8 ਦਸੰਬਰ ਨੂੰ ਹੈਮਿਲਟਨ ਦੀ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

## ਸਕਾਰਬੌਰੋ ਵਿੱਚ ਗੋਲੀ ਲੱਗਣ ਕਾਰਨ ਇੱਕ ਵਿਅਕਤੀ ਜ਼ਖ਼ਮੀ




ਸਕਾਰਬੌਰੋ, 12 ਨਵੰਬਰ (ਪੋਸਟ ਬਿਊਰੋ) : ਕੱਲ੍ਹ ਰਾਤ ਸਟੌਕਯਾਰਡਜ਼ ਡਿਸਟ੍ਰਿਕਟ ਨੇੜੇ ਚੱਲੀ ਗੋਲੀ ਵਿੱਚ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ। ਸੇਂਟ ਕਲੇਅਰ ਐਵਨਿਊ ਵੈਸਟ ਨੇੜੇ ਰਨੀਮੇਡ ਰੋਡ ਤੇ ਲਿਵਰਪੂਲ ਸਟਰੀਟ ਉੱਤੇ ਪੁਲਿਸ ਕਈ ਗੋਲੀਆਂ ਚੱਲਣ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਰਾਤੀਂ 11:00 ਵਜੇ ਪਹੁੰਚੀ। ਮੌਕੇ ਉੱਤੇ ਪੁਲਿਸ ਨੂੰ ਇੱਕ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ ਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ। ਸ਼ੁਰੂ ਵਿੱਚ ਪੁਲਿਸ ਨੇ ਦੱਸਿਆ ਕਿ ਉਸ ਦੀ ਹਾਲਤ ਗੰਭੀਰ ਲੱਗਦੀ ਹੈ ਪਰ ਬਾਅਦ ਵਿੱਚ ਉਸ ਦੇ ਜ਼ਖ਼ਮ ਮਾਮੂਲੀ ਨਿਕਲੇ ਤੇ ਉਸ ਨੂੰ ਹਸਪਤਾਲ ਤੋਂ ਰਿਹਾਅ ਕਰ ਦਿੱਤਾ ਗਿਆ। ਅਜੇ ਤੱਕ ਕਿਸੇ ਮਸ਼ਕੂਕ ਦੇ ਸਬੰਧ ਵਿੱਚ ਕੋਈ ਖਬਰ ਨਹੀਂ ਮਿਲੀ ਹੈ।

# ਬਾਈਡੇਨ ਨੇ ਆਪਣੀ 'ਏਜੰਸੀ ਰੀਵੀਊ ਟੀਮ' ਵਿੱਚ 20 ਦੇ ਕਰੀਬ ਭਾਰਤੀ ਪ੍ਰਵਾਸੀ ਲਏ



ਵਾਸ਼ਿੰਗਟਨ, 12 ਨਵੰਬਰ, (ਪੋਸਟ ਬਿਊਰੋ)- ਅਮਰੀਕਾ ਵਿਚ ਹੋਈਆਂ ਰਾਸ਼ਟਰਪਤੀ ਚੋਣਾਂ ਦੇ ਜੇਤੂ ਜੋਅ ਬਾਈਡੇਨ ਨੇ ਆਪਣੀ 'ਏਜੰਸੀ ਰੀਵੀਊ ਟੀਮ' (ਆਰਟ) ਵਿਚ20 ਤੋਂ ਵੱਧ ਭਾਰਤੀ ਮੂਲ ਦੇ ਲੋਕਾਂ ਨੂੰਲਿਆ ਹੈ, ਜਿਨ੍ਹਾਂ ਵਿਚੋਂ 3 ਜਣੇ ਇਸ ਟੀਮ ਦੀ ਅਗਵਾਈ ਕਰਨਗੇ। ਇਹ ਟੀਮ ਮਹੱਤਵ ਪੂਰਨ ਫੈਡਰਲ ਏਜੰਸੀਆਂ ਦੀ ਮੌਜੂਦਾ ਪ੍ਰਸ਼ਾਸਨ ਵਿਚ ਕਾਰਜ ਪ੍ਰਣਾਲੀ ਦੀ ਸਮੀਖਿਆ ਕਰੇਗੀ ਤਾਂ ਜੋ ਸੱਤਾ ਦਾ ਟਰਾਂਸਫਰ ਸੁਚਾਰੂ ਢੰਗ ਨਾਲ ਯਕੀਨੀ ਕੀਤਾ ਜਾ ਸਕੇ।

ਨਵੇਂ ਚੁਣੇ ਜਾ ਚੁੱਕੇ ਰਾਸ਼ਟਰਪਤੀ ਜੋਅ ਬਾਈਡੇਨ ਦੀ ਟਰਾਂਸਫਰ ਟੀਮ ਨੇ ਕਿਹਾ ਕਿ ਅੱਜ ਤੱਕ ਦੇ ਰਾਸ਼ਟਰਪਤੀ ਟਰਾਂਸਫਰ ਟੀਮ ਦੇ ਇਤਿਹਾਸ ਵਿਚ ਇਹ ਟੀਮ ਸਭ ਤੋਂ ਵੱਧ ਵਿਭਿੰਨਤਾ ਵਾਲੀ ਹੈ।ਅਮਰੀਕਾ ਵਿਚ ਸੱਤਾ ਟਰਾਂਸਫਰ ਦੇ ਲਈ ਬਣਾਈ ਗਈ 'ਆਰਟ' ਟੀਮ ਵਿਚ ਸੈਂਕੜੇ ਮੈਂਬਰ ਹਨ, ਜਿਨ੍ਹਾਂ ਵਿੱਚੋਂ ਅੱਧੀਆਂਤੋਂਵੱਧਔਰਤਾਂ ਹਨ, 40 ਫੀਸਦੀ ਉਨ੍ਹਾਂ ਭਾਈਚਾਰਿਆਂ ਤੋਂ ਲਏ ਲੋਕ ਹਨ, ਜਿਨ੍ਹਾਂ ਦੀ ਫੈਡਰਲ ਸਰਕਾਰ ਵਿਚ ਇਤਿਹਾਸਕ ਪੱਖ ਤੋਂ ਘੱਟ ਨੁਮਾਇੰਦਗੀ ਰਹੀ ਹੈ। ਇਨ੍ਹਾਂ ਵਿਚ ਗੈਰ-ਗੋਰੇ, ਐੱਲ ਜੀ ਬੀ ਟੀ ਅਤੇ ਅੰਗਹੀਣ ਸ਼ਾਮਲ ਹਨ।

ਸਟੈਨਫੋਰਡ ਯੂਨੀਵਰਸਿਟੀ ਦੇ ਅਰੁਣ ਮਜੂਮਦਾਰ ਊਰਜਾ ਵਿਭਾਗ ਵਿਚ ਸੱਤਾ ਟਰਾਂਸਫਰ ਲਈ ਬਣੀ 'ਆਰਟ' ਦੀ ਅਗਵਾਈ ਕਰਨਗੇ ਅਤੇ ਰਾਹੁਲ ਗੁਪਤਾ ਨੈਸ਼ਨਲ ਡਰੱਗ ਕੰਟਰੋਲ ਨੀਤੀ ਦੇ ਕੇਸ ਵਿਚ ਅਗਵਾਈ ਕਰਨਗੇ। ਕਿਰਨ ਆਹੂਜਾ ਨੂੰ ਮੁਲਾਜ਼ਮਾਂ ਦੇ ਪ੍ਰਬੰਧ ਲਈ ਟੀਮ ਦੀ ਕਮਾਂਡ ਮਿਲੀ ਹੈ। ਪੁਨੀਤ ਤਲਵਾੜ ਨੂੰ ਵਿਦੇਸ਼ ਵਿਭਾਗ ਦੀ ਟੀਮ ਵਿਚ ਥਾਂ ਮਿਲੀ ਅਤੇ ਪਾਵ ਸਿੰਘ ਨੂੰ ਕੌਮੀ ਸੁਰੱਖਿਆ ਕੌਂਸਲ ਅਤੇ ਵਿਗਿਆਨ ਤੇ ਤਕਨਾਲੋਜੀ ਟੀਮ ਵਿਚ ਲਿਅ ਗਿਆ ਹੈ। ਇਸੇ ਤਰ੍ਹਾਂ ਅਰੁਣ ਵੇਂਕਟਰਮਨ ਨੂੰ ਵਪਾਰ ਅਤੇ ਯੂ ਐੱਸ ਟੀ ਆਰ ਮਾਮਲਿਆਂ ਦੀਆਂ ਦੋ ਟੀਮਾਂ ਵਿਚ ਸ਼ਾਮਲ ਕੀਤਾ ਹੈ।

ਜਿਹੜੇ ਹੋਰ ਪ੍ਰਮੁੱਖ ਭਾਰਤੀਆਂ ਨੂੰ ਬਾਈਡੇਨ ਦੀ 'ਆਰਟ' ਵਿਚ ਲਿਆ ਗਿਆ,ਉਨ੍ਹਾਂ ਵਿਚ ਪ੍ਰਵੀਨ ਰਾਘਵਨ ਤੇ ਆਤਮਨ ਤ੍ਰਿਵੇਦੀ ਨੂੰ ਵਿਭਾਗੀ ਮਾਮਲਿਆਂ ਦੀ ਟੀਮ ਵਿਚ, ਸਿੱਖਿਆ ਵਿਭਾਗ ਵਿਚ ਸ਼ੀਤਲ ਸ਼ਾਹ, ਊਰਜਾ ਵਿਭਾਗ ਵਿਚ, ਆਰ. ਰਮੇਸ਼ ਤੇ ਰਾਮਾ ਜ਼ਾਕਿਰ, ਅੰਦਰੂਨੀ ਸੁਰੱਖਿਆ ਟੀਮ ਵਿਚ ਸ਼ੁੱਭਸ਼੍ਰੀ ਰਾਮਨਾਥਨ, ਨਿਆਂ ਵਿਭਾਗ ਲਈ ਰਾਜ ਡੇਅ, ਕਿਰਤ ਵਿਭਾਗ ਲਈ ਸੀਮਾ ਨੰਦਾ ਤੇ ਡਿਪਲੋਮੇਟਿਕ, ਫੈਡਰਲ ਰਿਜਰਵ ਅਤੇ ਸਕਿਓਰਟੀਜ਼ ਤੇ ਬੈਂਕਿੰਗ ਕੇਸਾਂ ਲਈ ਰੀਨਾ ਅਗਰਵਾਲ ਅਤੇ ਸਤਿਅਮ ਖੰਨਾ, ਨਾਸਾ ਲਈ ਭਵਯਾ ਲਾਲ, ਕੌਮੀ ਸੁਰੱਖਿਆ ਕੌਂਸਲ ਲਈ ਦਿਲਪ੍ਰੀਤ ਸਿੱਧੂ, ਪ੍ਰਬੰਧ ਅਤੇ ਬੱਜਟ ਦਫਤਰ ਲਈ ਦਿਵਯ ਕੁਮਾਰਿਆਹ, ਖੇਤੀ ਵਿਭਾਗ ਲਈ ਕੁਮਾਰ ਚੰਦਰਨ ਅਤੇ ਪੋਸਟਲ ਸਰਵਿਸਲਈ ਅਨੀਸ਼ ਚੋਪੜਾ ਅਤੇ ਹੋਰ ਸ਼ਾਮਲ ਕੀਤੇ ਗਏ ਹਨ।'ਆਰਟ' ਵਿਚ ਇਹ ਸਾਰੇ ਮੈਂਬਰ ਵਾਲੰਟੀਅਰ ਦੇਤੌਰ ਉੱਤੇ ਸ਼ਾਮਲ ਕੀਤੇ ਗਏ ਹਨ, ਪਰ ਜ਼ਿੰਮੇਵਾਰੀਆਂ ਬਹੁਤ ਹੀ ਅਹਿਮ ਹਨ।

## 100 ਤੋਂ ਵੱਧ ਲੋਕਾਂ ਨਾਲ ਹੈਲੋਈਨ ਪਾਰਟੀ ਕਰਨ ਵਾਲੇ ਦੋ ਵਿਅਕਤੀਆਂ ਨੂੰ ਕੀਤਾ ਗਿਆ ਚਾਰਜ



ਓਨਟਾਰੀਓ, 12 ਨਵੰਬਰ (ਪੋਸਟ ਬਿਊਰੋ) : ਵੈਸਟਰਨ ਯੂਨੀਵਰਸਿਟੀ ਨੇੜੇ ਇੱਕ ਘਰ ਵਿੱਚ ਕੀਤੀ ਗਈ ਹਾਊਸ ਪਾਰਟੀ ਦੇ ਸਬੰਧ ਵਿੱਚ ਲੰਡਨ, ਓਨਟਾਰੀਓ ਪੁਲਿਸ ਵੱਲੋਂ ਦੋ ਵਿਅਕਤੀਆਂ ਨੂੰ ਚਾਰਜ ਕੀਤਾ ਗਿਆ ਹੈ।

ਪੁਲਿਸ ਦਾ ਕਹਿਣਾ ਹੈ ਕਿ 31 ਅਕਤੂਬਰ ਨੂੰ ਤੜ੍ਹਕੇ ਪੁਲਿਸ ਅਧਿਕਾਰੀ ਇੱਕ ਲੋਕਲ ਘਰ ਵਿੱਚ ਪਹੁੰਚੇ ਤੇ ਉਨ੍ਹਾਂ ਨੂੰ ਉੱਥੇ 100 ਤੋਂ ਵੀ ਵੱਧ ਲੋਕ ਪਾਰਟੀ ਕਰਦੇ ਮਿਲੇ। ਕਾਂਸਟੇਬਲ ਸੈਨਦਾਸਾ ਬੋਅ ਦਾ ਕਹਿਣਾ ਹੈ ਕਿ ਇਹ ਥਾਂ ਵੈਸਟਰਨ ਯੂਨੀਵਰਸਿਟੀ ਦੇ ਲਾਗੇ ਸਥਿਤ ਹੈ ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ ਚਾਰਜ ਕੀਤੇ ਗਏ ਦੋ ਵਿਅਕਤੀ ਵਿਦਿਆਰਥੀ ਹਨ। ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਚਸ਼ਮਦੀਦਾਂ ਦੇ ਕੋਲੋਂ ਸੂਹ ਮਿਲੀ ਤੇ ਉਹ ਜਾਂਚ ਲਈ ਸਿਟੀ ਤੇ ਲੋਕਲ ਪਬਲਿਕ ਹੈਲਥ ਯੂਨਿਟ ਨਾਲ ਰਲ ਕੇ ਕੰਮ ਕਰ ਰਹੇ ਹਨ।

ਟੋਰਾਂਟੋ ਕੋਵਿਡ-19 ਇੰਸੀਡੈਂਟ ਕਮਾਂਡਰ ਐਂਡ ਚੀਫ ਮੈਥਿਊ ਪੈਂਗ ਵੱਲੋਂ ਐਲਾਨ ਕੀਤਾ ਗਿਆ ਸੀ ਕਿ ਸਿਟੀ ਵਿੱਚ ਵੱਡੀ ਹੈਲੋਈਨ ਪਾਰਟੀ ਤੋਂ ਬਾਅਦ ਚਾਰਜਿਜ਼ ਲਾਏ ਗਏ ਹਨ। ਇਸ ਸਬੰਧ ਵਿੱਚ ਲੰਡਨ ਦੇ ਇੱਕ 23 ਸਾਲਾ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ। ਉਸ ਉੱਤੇ ਰੀਓਪਨਿੰਗ ਓਨਟਾਰੀਓ ਐਕਟ ਦੀ ਉਲੰਘਣਾਂ ਦੇ ਸਬੰਧ ਵਿੱਚ ਇਹ ਚਾਰਜਿਜ਼ ਲਾਏ ਗਏ ਹਨ। ਇਸ ਤੋਂ ਇਲਾਵਾ ਲੰਡਨ ਦੇ ਹੀ ਇੱਕ ਹੋਰ 24 ਸਾਲਾ ਵਿਅਕਤੀ ਉੱਤੇ ਵੀ ਚਾਰਜਿਜ਼ ਲਾਏ ਗਏ ਹਨ।

# ਟੋਰਾਂਟੋ ਵਿੱਚ ਸਰਗਰਮ ਹੈ ਟੈਕਸੀ ਸਕੈਮ ਕਰਨ ਵਾਲਾ ਗਿਰੋਹ

ਟੋਰਾਂਟੋ, 12 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਵੱਲੋਂ ਪਬਲਿਕ ਸੇਫਟੀ ਐਲਰਟ ਵਾਰਨਿੰਗ ਜਾਰੀ ਕੀਤੀ ਗਈ ਹੈ। ਇਹ ਵਾਰਨਿੰਗ ਕੋਵਿਡ-19 ਨਾਲ ਸਬੰਧਤ ਟੈਕਸੀ ਫਰਾਡ ਸਕੈਮ ਦੀ ਹੈ। ਇਸ ਸਕੈਮ ਤਹਿਤ ਦੋ ਵਿਅਕਤੀ ਤੀਜੀ ਧਿਰ ਨੂੰ ਇਸ ਗੱਲ ਲਈ ਰਾਜ਼ੀ ਕਰਦੇ ਹਨ ਕਿ ਉਹ ਆਪਣੇ ਡੈਬਿਟ ਕਾਰਡ ਦੀ ਵਰਤੋਂ ਕਰੇ ਤੇ ਫਿਰ ਉਹ ਉਸ ਨੂੰ ਕਿਸੇ ਹੋਰ ਨਾਲ ਬਦਲ ਦਿੰਦੇ ਹਨ।

ਪੁਲਿਸ ਅਨੁਸਾਰ ਇਹ ਸਕੈਮ ਦੋ ਮਸ਼ਕੂਕਾਂ ਨਾਲ ਸ਼ੁਰੂ ਹੋਇਆ। ਇਨ੍ਹਾਂ ਵਿੱਚੋਂ ਇੱਕ ਟੈਕਸੀ ਡਰਾਈਵਰ ਦਾ ਰੂਪ ਧਾਰਦਾ ਹੈ ਤੇ ਦੂਜਾ ਕਸਟਮਰ ਬਣਦਾ ਹੈ ਤੇ ਫਿਰ ਦੋਵੇਂ ਪੇਅਮੈਂਟ ਨੂੰ ਲੈ ਕੇ ਝਗੜਦੇ ਹਨ। ਜਾਅਲੀ ਡਰਾਈਵਰ ਇਹ ਦਰਸਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਕੋਵਿਡ-19 ਕਾਰਨ ਉਹ ਕੈਸ਼ ਨਹੀਂ ਲੈ ਸਕਦੇ।ਕੱਲ੍ਹ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਪੁਲਿਸ ਨੇ ਦੱਸਿਆ ਕਿ ਕੋਈ ਨਾ ਕੋਈ ਰਾਹਗੀਰ ਉਨ੍ਹਾਂ ਦੀ ਇਹ ਤਕਰਾਰ ਸੁਣ ਲੈਂਦਾ ਹੈ ਤੇ ਉਨ੍ਹਾਂ ਦੀ ਮਦਦ ਕਰਨ ਲਈ ਸਫਰ ਦਾ ਕਿਰਾਇਆ ਦੇਣ ਲਈ ਆਪਣੇ ਡੈਬਿਟ ਕਾਰਡ ਦੀ ਵਰਤੋਂ ਕਰਨ ਦੀ ਪੇਸ਼ਕਸ਼ ਕਰਦਾ ਹੈ। ਫਿਰ ਉਹ ਰਾਹਗੀਰ ਆਪਣੇ ਡੈਬਿਟ ਕਾਰਡ ਲਈ ਮੋਡੀਫਾਈਡ ਪੁਆਇੰਟ ਆਫ ਸੇਲ ਟਰਮੀਨਲ ਵਿੱਚ ਪਿੰਨ ਨੰਬਰ ਭਰਦਾ ਹੈ ਤੇ ਫਿਰ ਸੇਲ ਟਰਮੀਨਲ ਕਾਰਡ ਦਾ ਡਾਟਾ ਤੇ ਪਿੰਨ ਨੰਬਰ ਰਿਕਾਰਡ ਕਰ ਲੈਂਦਾ ਹੈ। ਇੱਕ ਵਾਰੀ ਲੈਣ ਦੇਣ ਪੂਰਾ ਹੋਣ ਤੋਂ ਬਾਅਦ ਇਸ ਠੱਗੀ ਦਾ ਸ਼ਿਕਾਰ ਹੋਣ ਵਾਲੇ ਵਿਅਕਤੀ ਨੂੰ ਉਸ ਦੇ ਕਾਰਡ ਨਾਲ ਹੀ ਮੇਲ ਖਾਂਦਾ ਕਿਸੇ ਹੋਰ ਬੈਂਕ ਦਾ ਕਾਰਡ ਦੇ ਦਿੱਤਾ ਜਾਦਾ ਹੈ ਤੇ ਨਾਲ ਹੀ ਨਕਦੀ ਵੀ ਦੇ ਦਿੱਤੀ ਜਾਂਦੀ ਹੈ।




ਇਸ ਤਰ੍ਹਾਂ ਮਸ਼ਕੂਕਾਂ ਕੋਲ ਸਬੰਧਤ ਵਿਅਕਤੀ ਦਾ ਅਸਲ ਡੈਬਿਟ ਕਾਰਡ ਤੇ ਪਿੰਨ ਨੰਬਰ ਆ ਜਾਂਦਾ ਹੈ ਤੇ ਫਿਰ ਉਹ ਉਸ ਦੇ ਖਾਤੇ ਵਿੱਚੋਂ ਚੰਗੀ ਰਕਮ ਉੱਤੇ ਹੱਥ ਸਾਫ ਕਰ ਦਿੰਦੇ ਹਨ। ਜਾਂਚਕਾਰਾਂ ਦਾ ਮੰਨਣਾ ਹੈ ਕਿ ਇਸ ਤਰ੍ਹਾਂ ਦੇ ਕਈ ਸਕੈਮ ਕਰਨ ਵਾਲੇ ਲੋਕ ਸਰਗਰਮ ਹਨ। ਇਸ ਨੂੰ ਟੈਕਸੀ ਸਕੈਮ ਵਜੋ ਜਾਣਿਆ ਜਾ ਰਿਹਾ ਹੈ।

# ਮਿਸੀਸਾਗਾ ਦੇ ਕਤਲ ਦੇ ਸਬੰਧ ਵਿੱਚ ਚਾਰ ਮਸ਼ਕੂਕ ਗ੍ਰਿਫਤਾਰ

ਮਿਸੀਸਾਗਾ, 12 ਨਵੰਬਰ (ਪੋਸਟ ਬਿਊਰੋ) : ਪਿਛਲੇ ਸਾਲ ਮਿਸੀਸਾਗਾ ਵਿੱਚ ਸਟੱਫਵਿੱਲ ਦੇ ਇੱਕ ਵਿਅਕਤੀ ਦਾ ਕਤਲ ਕਰਨ ਦੇ ਸਬੰਧ ਵਿੱਚ ਪੁਲਿਸ ਨੇ ਚੌਥੇ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਹੈ। ਬਰੈਂਪਟਨ ਦੇ 34 ਸਾਲਾ ਜਸਟਿਨ ਮੈਲਕੌਮ ਨੂੰ ਮਾਰੀਓ ਇਬ੍ਰਾਹਿਮ ਦੀ ਮੌਤ ਦੇ ਸਬੰਧ ਵਿੱਚ ਫਰਸਟ ਡਿਗਰੀ ਮਰਡਰ ਲਈ ਚਾਰਜ ਕੀਤਾ ਗਿਆ ਹੈ। ਉਸ ਦੀ ਗ੍ਰਿਫਤਾਰੀ ਲਈ ਮਾਰਚ 2020 ਵਿੱਚ ਵਾਰੰਟ ਜਾਰੀ ਕੀਤੇ ਗਏ ਸਨ। ਇੱਥੇ ਦੱਸਣਾ ਬਣਦਾ ਹੈ ਕਿ 26 ਸਾਲਾ ਇਬ੍ਰਾਹਿਮ 22 ਅਕਤੂਬਰ, 2019 ਦੀ ਰਾਤ ਨੂੰ ਬਰਨਹੈਮਥੌਰਪ ਰੋਡ ਵੈਸਟ ਤੇ ਕੌਨਫੈਡਰੇਸ਼ਨ ਪਾਰਕਵੇਅ ਨੇੜੇ ਵੈੱਬ ਡਰਾਈਵ ਉੱਤੇ ਸਥਿਤ ਕੌਂਡੋ ਕਾਂਪਲੈਕਸ ਦੇ ਬਾਹਰ ਪਾਰਕ ਕੀਤੀ ਗਈ ਆਪਣੀ ਕਾਰ ਵਿੱਚ ਬੈਠਾ ਸੀ।

ਪੁਲਿਸ ਨੇ ਦੱਸਿਆ ਕਿ ਇੱਕ ਮਸ਼ਕੂਕ ਕਾਰ ਕੋਲ ਆਇਆ ਤੇ ਉਸ ਨੇ ਇਬ੍ਰਾਹਿਮ ਉੱਤੇ ਕਈ ਗੋਲੀਆਂ ਚਲਾਈਆਂ ਤੇ ਫਿਰ ਮੌਕੇ ਤੋਂ ਫਰਾਰ ਹੋ ਗਿਆ। ਬਾਅਦ ਵਿੱਚ ਇਬ੍ਰਾਹਿਮ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਇੱਕ ਰਲੀਜ਼ ਵਿੱਚ ਪੀਲ ਪੁਲਿਸ ਨੇ ਆਖਿਆ ਕਿ ਇਬ੍ਰਾਹਿਮ ਆਪਣੇ ਦੋਸਤ ਨਾਲ 20 ਅਕਤੂਬਰ ਨੂੰ ਮਿਸੀਸਾਗਾ ਤੋਂ ਤੁਰਿਆ ਸੀ ਤੇ ਉਹ ਹਾਈਵੇਅ 401 ਉੱਤੇ ਜਾ ਰਹੇ ਸਨ ਤੇ ਜਦੋਂ ਹਾਈਵੇਅ 427 ਉੱਤੇ ਪਹੁੰਚਣ ਵਾਲੇ ਹੋਏ ਤਾਂ ਇੱਕ ਹੋਰ ਗੱਡੀ ਉਨ੍ਹਾਂ ਦੇ ਨਾਲ ਪਹੁੰਚੀ ਤੇ ਉਨ੍ਹਾਂ ਉੱਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਘਟਨਾ ਵਿੱਚ ਕੋਈ ਵੀ ਜ਼ਖ਼ਮੀ ਨਹੀਂ ਹੋਇਆ। 30 ਦਸੰਬਰ, 2019 ਨੂੰ ਪੁਲਿਸ ਨੇ ਬਰੈਂਪਟਨ ਦੇ 38 ਸਾਲਾ ਜੇਸਨ ਵਿਲੀਅਮਜ਼ ਨੂੰ ਗ੍ਰਿਫਤਾਰ ਕੀਤਾ ਤੇ ਇਬ੍ਰਾਹਿਮ ਦੇ ਫਰਸਟ ਡਿਗਰੀ ਮਰਡਰ ਦੇ ਮਾਮਲੇ ਵਿੱਚ ਉਸ ਨੂੰ ਚਾਰਜ ਕੀਤਾ ਗਿਆ। ਵਿਲੀਅਮਜ਼ ਨੂੰ ਹੁਣ 20 ਅਕਤੂਬਰ, 2019 ਨੂੰ ਹੋਈ ਹਾਈਵੇਅ ਸ਼ੂਟਿੰਗ ਦੇ ਸਬੰਧ ਵਿੱਚ ਕਤਲ ਦੀ ਕੋਸ਼ਿਸ਼ ਦੇ ਮਾਮਲੇ ਵਿੱਚ ਚਾਰਜ ਕੀਤਾ ਗਿਆ ਹੈ। ਵਿਲੀਅਮਜ਼ ਤੀਜਾ ਵਿਅਕਤੀ ਹੈ ਜਿਸ ਨੂੰ ਇਬ੍ਰਾਹਿਮ ਦੀ ਮੌਤ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਹੈ। ਮਿਸੀਸਾਗਾ ਦੇ 24 ਸਾਲਾ ਬ੍ਰੈਂਡਨ ਡਰੇਕ ਸਾਇਮਨ ਤੇ 24 ਸਾਲਾ ਮੈਲਨੀ ਕ੍ਰਿਸਟੀਨ ਨੂੰ ਵੀ ਇਸ ਮਾਮਲੇ ਵਿੱਚ ਫਰਸਟ ਡਿਗਰੀ ਮਰਡਰ ਲਈ 4 ਦਸੰਬਰ, 2019 ਨੂੰ ਚਾਰਜ ਕੀਤਾ ਗਿਆ ਸੀ।









NEW CONDOS COMING SOON

Beautiful nature, luxurious amenities, a rooftop lifestyle park, close to urban conveniences, in vibrant downtown Mississauga.

Starting From $440,900

FREE ASSIGNMENT

PERMISSION TO LEASE DURING OCCUPANCY
CAPPED DEVELOPMENT CHARGERS

QUICK FACTS

Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites

EXTENDED DEPOSIT STRUCTURE

$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy



Residential
Commercial
Investment

Century 21
President Realty Inc
Brokerage*
Independently Owned and Operated.
Grewalhomes.com

Jagdish Grewal
Sales Representative
416 877-6464
or E-mail Jagdish@grewalhomes.com

# ਕੋਵਿਡ-19 ਦਾ ਹੱਲ ਬਿਲਕੁਲ ਤੁਹਾਡੇ ਸਾਹਮਣੇ ਹੈ।

- ਚਿਹਰੇ ਨੂੰ ਢਕਣ ਵਾਲਾ ਮਾਸਕ ਲਗਾਓ।
- ਆਪਣੇ ਘਰ ਤੋਂ ਬਾਹਰ ਕਿਸੇ ਵੀ ਵਿਅਕਤੀ ਤੋਂ 2 ਮੀਟਰ ਦੀ ਦੂਰੀ ਰੱਖੋ।
- ਨਜ਼ਦੀਕੀ ਸੰਪਰਕ ਸਿਰਫ਼ ਆਪਣੇ ਪਰਿਵਾਰਕ ਮੈਂਬਰਾਂ ਤਕ ਸੀਮਤ ਰੱਖੋ।
- ਅਕਸਰ ਆਪਣੇ ਹੱਥਾਂ ਨੂੰ ਧੋਵੋ।



**ਫੈਲਣ ਨੂੰ ਰੋਕਣ ਦਾ ਕੰਮ ਤੁਹਾਡੇ ਤੋਂ ਸ਼ੁਰੂ ਹੁੰਦਾ ਹੈ।**
ਹੋਰ ਜਾਣਕਾਰੀ ਲਈ ontario.ca/coronavirus 'ਤੇ ਜਾਓ।

ਓਂਟਾਰਿਓ ਸਰਕਾਰ ਵੱਲੋਂ ਭੁਗਤਾਨ ਕੀਤਾ ਗਿਆ

Ontario



YOUR MISSISSAUGA MPPS WISH YOU A HAPPY DIWALI AND BANDI CHHOR DIVAS
Nina Tangri, MPP
Mississauga-Streetsville
ninatangri.ca
Sheref Sabawy, MPP
Mississauga-Erin Mills
sabawy.ca
Deepak Anand, MPP
Mississauga-Malton
deepakanand.ca
Rudy Cuzzetto, MPP
Mississauga-Lakeshore
cuzzetto.com
Natalia Kusendova, MPP
Mississauga-Centre
nataliakusendovampp.ca
Kaleed Rasheed, MPP
Mississauga East-Cooksville
kaleedrasheed.com




Hon.
MARY NG, MP
MARKHAM – THORNHILL
905-479-8100
Mary.Ng@parl.gc.ca
16 Esna Park Drive, Unit 107 Markham, ON L3R 5X1
Happy Diwali
ਦੀਵਾਲੀ ਦੀਆਂ
ਲੱਖ ਲੱਖ ਵਧਾਈਆਂ